Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 3 : # ਅੰਕ 256 27/12/2024 www.samajweekly.com samajweekly @samajweekly samajweekly

# ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦਾ 92 ਸਾਲ ਦੀ ਉਮਰ ’ਚ ਦੇਹਾਂਤ

**ਨਵੀਂ ਦਿੱਲੀ।** ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਜਿਨ੍ਹਾਂ ਨੂੰ ਕਿ ਭਾਰਤੀ ਆਰਥਿਕ ਸੁਧਾਰਾਂ ਦੇ ਆਰਕੀਟੈਕਟ ਵਜੋਂ ਜਾਣਿਆ ਜਾਂਦਾ ਸੀ, ਦੀ ਅੱਜ ਰਾਤ ਇੱਥੇ ਮੌਤ ਹੋ ਗਈ। ਉਹ 92 ਸਾਲਾਂ ਦੇ ਸਨ। ਡਾ. ਮਨਮੋਹਨ ਸਿੰਘ ਦੇ ਦੇਹਾਂਤ ਦਾ ਐਲਾਨ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ (ਏਮਸ) ਦਿੱਲੀ ਵੱਲੋਂ ਕੀਤਾ ਗਿਆ। ਅੱਜ ਰਾਤ ਕਰੀਬ 8.30 ਵਜੇ ਉਨ੍ਹਾਂ ਨੂੰ ਗੰਭੀਰ ਹਾਸਲ ਵਿੱਚ ਏਮਸ ਦੇ ਐਮਰਜੈਂਸੀ ਵਾਰਡ ਵਿੱਚ ਦਾਖ਼ਲ ਕਰਵਾਇਆ ਗਿਆ ਸੀ। ਦੇਸ਼ ਦੀ ਰਾਸ਼ਟਰਪਤੀ ਦਰੋਪਦੀ ਮੁਰਮੂ, ਉਪ ਰਾਸ਼ਟਰਪਤੀ ਜਗਦੀਪ ਧਨਖੜ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕਾਂਗਰਸੀ ਆਗੂ ਪ੍ਰਿਯੰਕਾ ਗਾਂਧੀ, ਸੋਨੀਆ ਗਾਂਧੀ, ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ, ਰਾਹੁਲ ਗਾਂਧੀ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ, ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਦਿੱਲੀ ਦੀ ਮੁੱਖ ਮੰਤਰੀ ਆਤਿਸ਼ੀ, ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਤੇ ਹੋਰ ਆਗੂਆਂ ਨੇ ਡਾ. ਮਨਮੋਹਨ ਸਿੰਘ ਦੇ ਦੇਹਾਂਤ ’ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਕਿਹਾ ਕਿ ਡਾ. ਮਨਮੋਹਨ ਸਿੰਘ ਨੂੰ ਦੇਸ਼ ਪ੍ਰਤੀ ਉਨ੍ਹਾਂ ਦੀ ਸੇਵਾ, ਉਨ੍ਹਾਂ ਦੇ ਬੇਦਾਗ ਸਿਆਸੀ ਜੀਵਨ ਅਤੇ ਉਨ੍ਹਾਂ ਦੀ ਨਿਮਰਤਾ ਲਈ ਹਮੇਸ਼ਾ ਯਾਦ ਕੀਤਾ ਜਾਵੇਗਾ। ਇਸੇ ਤਰ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਦੇਹਾਂਤ ’ਤੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ ਉਹ ਭਾਰਤ ਦੇ ਸਭ ਤੋਂ ਵੱਧ



ਪ੍ਰਭਾਵਸ਼ਾਲੀ ਆਗੂਆਂ ਵਿੱਚੋਂ ਇਕ ਸਨ ਅਤੇ ਉਨ੍ਹਾਂ ਨੇ ਦੇਸ਼ ਦੀ ਆਰਥਿਕ ਨੀਤੀ ’ਤੇ ਡੂੰਘੀ ਛਾਪ ਛੱਡੀ। ਏਮਸ ਦੇ ਬੁਲੈਟਨ ਵਿੱਚ ਕਿਹਾ ਗਿਆ, ‘‘ਉਨ੍ਹਾਂ ਦਾ ਉਮਰ ਸਬੰਧੀ ਬਿਮਾਰੀਆਂ ਦਾ ਇਲਾਜ ਚੱਲ ਰਿਹਾ ਸੀ ਅਤੇ 26 ਦਸੰਬਰ ਨੂੰ ਸ਼ਾਮ ਸਮੇਂ ਆਪਣੀ ਰਿਹਾਇਸ਼ ਵਿਖੇ ਉਹ ਅਚਾਨਕ ਬੇਸੁੱਧ ਹੋ ਗਏ। ਘਰ ਵਿੱਚ ਹੀ ਉਨ੍ਹਾਂ ਨੂੰ ਮੁੜ ਹੋਸ਼ ਵਿੱਚ ਲਿਆਉਣ ਲਈ ਤੁਰੰਤ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਗਈਆਂ। ਉਪਰੰਤ ਉਨ੍ਹਾਂ ਨੂੰ ਰਾਤ 8.06 ਵਜੇ ਏਮਸ ਦਿੱਲੀ ਦੀ ਮੈਡੀਕਲ ਐਮਰਜੈਂਸੀ ਵਿੱਚ ਲਿਆਂਦਾ ਗਿਆ। ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਉਨ੍ਹਾਂ ਨੂੰ ਬਚਾਇਆ ਨਹੀਂ ਜਾ ਸਕਿਆ ਅਤੇ ਰਾਤ 9.51 ਵਜੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।’’ ਡਾ. ਮਨਮੋਹਨ ਸਿੰਘ ਕਾਂਗਰਸੀ ਦੀ ਅਗਵਾਈ ਵਾਲੀ ਯੂਪੀਏ ਸਰਕਾਰ ਦੌਰਾਨ 2004 ਤੋਂ 2014 ਤੱਕ ਲਗਾਤਾਰ ਦੋ ਵਾਰ ਪ੍ਰਧਾਨ ਮੰਤਰੀ ਰਹੇ। ਪਿਛਲੇ ਕੁਝ ਮਹੀਨਿਆਂ ਤੋਂ ਉਨ੍ਹਾਂ ਦੀ ਸਿਹਤ ਨਾਜ਼ੁਕ ਚੱਲ ਰਹੀ ਸੀ। ਉਹ ਆਪਣੇ ਪਿੱਛੇ ਪਤਨੀ ਗੁਰਚਰਨ ਕੌਰ ਤੇ ਤਿੰਨ ਧੀਆਂ ਛੱਡ ਗਏ ਹਨ। ਡਾ. ਮਨਮੋਹਨ ਸਿੰਘ ਦੇ ਹਸਪਤਾਲ ਦਾਖ਼ਲ ਹੋਣ ਦੀ ਖ਼ਬਰ ਮਿਲਦੇ ਹੀ ਕਾਂਗਰਸੀ ਆਗੂ ਪ੍ਰਿਯੰਕਾ ਗਾਂਧੀ ਤੇ ਉਨ੍ਹਾਂ ਦੀ ਮਾਤਾ ਸੋਨੀਆ ਗਾਂਧੀ ਤੁਰੰਤ ਹਸਪਤਾਲ ਪਹੁੰਚ ਗਏ ਸਨ। 1991 ਵਿੱਚ ਤਤਕਾਲੀ ਪ੍ਰਧਾਨ ਮੰਤਰੀ ਪੀਵੀ ਨਰਸਿਮ੍ਹਾ ਰਾਓ ਦੀ ਸਰਕਾਰ ਵੇਲੇ ਦੇਸ਼ ਦੇ ਵਿੱਤ ਮੰਤਰੀ ਵਜੋਂ ਸੇਵਾ ਨਿਭਾਉਂਦਿਆਂ ਉਨ੍ਹਾਂ ਵੱਲੋਂ ਲਿਆਂਦੇ ਗਏ ਆਰਥਿਕ ਸੁਧਾਰਾਂ ਕਰ ਕੇ ਉਨ੍ਹਾਂ ਨੂੰ ਆਰਥਿਕ ਸੁਧਾਰਾਂ ਦਾ ਆਰਕੀਟੈਕਟ ਕਿਹਾ ਜਾਂਦਾ ਸੀ। ਉੱਧਰ, ਮਨਮੋਹਨ ਸਿੰਘ ਦੇ ਦੇਹਾਂਤ ਦੀ ਖ਼ਬਰ ਮਿਲਣ ’ਤੇ ਕਾਂਗਰਸੀ ਪਾਰਟੀ ਨੇ ਕਰਨਾਟਕ ਦੇ ਬੇਲਾਗਾਵੀ ਵਿੱਚ ਚੱਲ ਰਹੀ ਕਾਂਗਰਸ ਵਰਕਿੰਗ ਕਮੇਟੀ ਦੀ ਮੀਟਿੰਗ ਸਮਾਪਤ ਕਰ ਦਿੱਤੀ। ਇੱਥੇ ਪਾਰਟੀ ਦੇ ਚੋਟੀ ਦੇ ਸਾਰੇ ਆਗੂ ਹਾਜ਼ਰ ਸਨ।

# ਹੁਣ ਈਸਾਈ ਭਾਈਚਾਰੇ ਦੇ ਲੋਕ ਨਿਸ਼ਾਨੇ ‘ਤੇ, ਬੰਗਲਾਦੇਸ਼ ‘ਚ ਕ੍ਰਿਸਮਸ ਦੀ ਰਾਤ 17 ਘਰਾਂ ਨੂੰ ਅੱਗ ਲਾ ਦਿੱਤੀ

**ਢਾਕਾ।** ਬੰਗਲਾਦੇਸ਼ ‘ਚ ਘੱਟ ਗਿਣਤੀ ਸੁਰੱਖਿਅਤ ਨਹੀਂ ਹਨ। ਇਸ ਤੋਂ ਪਹਿਲਾਂ ਇੱਥੇ ਹਿੰਦੂਆਂ ‘ਤੇ ਅੱਤਿਆਚਾਰ ਹੁੰਦੇ ਸਨ। ਹੁਣ ਈਸਾਈਆਂ ਉੱਤੇ ਅਤਿਆਚਾਰ ਦੀਆਂ ਰਿਪੋਰਟਾਂ ਸਾਹਮਣੇ ਆ ਰਹੀਆਂ ਹਨ। ਕ੍ਰਿਸਮਿਸ ਦੀ ਰਾਤ ਨੂੰ ਬੰਦਰਬਨ ਜ਼ਿਲ੍ਹੇ ਵਿੱਚ ਅਣਪਛਾਤੇ ਬਦਮਾਸ਼ਾਂ ਨੇ ਤ੍ਰਿਪੁਰਾ ਭਾਈਚਾਰੇ ਦੇ 17 ਘਰਾਂ ਨੂੰ ਅੱਗ ਲਾ ਦਿੱਤੀ। ਇਕ ਰਿਪੋਰਟ ਮੁਤਾਬਕ ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਇਹ ਸਾਰੇ ਕ੍ਰਿਸਮਸ ਦੇ ਤਿਉਹਾਰ ‘ਚ ਹਿੱਸਾ ਲੈਣ ਲਈ ਦੂਜੇ ਪਿੰਡ ਗਏ ਹੋਏ ਸਨ। ਉਸ ਦੇ ਪਿੰਡ ਵਿੱਚ ਕੋਈ ਚਰਚ ਨਹੀਂ ਸੀ। ਜਾਣਕਾਰੀ ਅਨੁਸਾਰ ਤ੍ਰਿਪੁਰਾ



ਭਾਈਚਾਰੇ ਦੇ 19 ਵਿੱਚੋਂ 17 ਘਰ ਪੂਰੀ ਤਰ੍ਹਾਂ ਸੜ ਕੇ ਸੁਆਹ ਹੋ ਗਏ। ਘਟਨਾ ਤੋਂ ਬਾਅਦ ਪੀੜਤ ਗੰਗਾਮਣੀ ਤ੍ਰਿਪੁਰਾ ਨੇ ਕਿਹਾ, “ਅੱਜ ਸਾਡਾ ਸਭ ਤੋਂ ਖੁਸ਼ੀ ਦਾ ਦਿਨ ਸੀ, ਪਰ ਮੈਂ ਕਦੇ ਨਹੀਂ ਸੋਚਿਆ ਸੀ ਕਿ ਕ੍ਰਿਸਮਸ ‘ਤੇ ਅਜਿਹਾ ਕੁਝ ਹੋਵੇਗਾ। ਅਸੀਂ ਅਪਰਾਧੀਆਂ ਨੂੰ ਸਖ਼ਤ ਸਜ਼ਾ ਦੇਣ ਦੀ ਮੰਗ ਕਰਦੇ ਹਾਂ।” ਤ੍ਰਿਪੁਰਾ ਭਾਈਚਾਰਾ ਕਈ ਪੀੜ੍ਹੀਆਂ ਤੋਂ ਕੁੰਦਜੀਰੀ ਖੇਤਰ ਵਿੱਚ ਰਹਿ ਰਿਹਾ ਹੈ। ਸਥਾਨਕ ਲੋਕਾਂ ਦੇ ਅਨੁਸਾਰ, ਉਨ੍ਹਾਂ ਨੂੰ ਕੁਝ ਸਾਲ ਪਹਿਲਾਂ ਉਥੋਂ ਜ਼ਬਰਦਸਤੀ ਬੇਦਖਲ ਕਰ ਦਿੱਤਾ ਗਿਆ ਸੀ ਜਦੋਂ ਇਹ ਦਾਅਵਾ ਕੀਤਾ ਗਿਆ ਸੀ ਕਿ ਇਹ ਇਲਾਕਾ ਇੱਕ ਪੁਲਿਸ ਅਧਿਕਾਰੀ ਦੀ ਪਤਨੀ ਨੂੰ ਕਿਰਾਏ ‘ਤੇ ਦਿੱਤਾ ਗਿਆ ਸੀ। ਅਵਾਮੀ ਲੀਗ ਦੇ ਸ਼ਾਸਨ ਦੌਰਾਨ ਮਹਿਲਾ ਇੰਸਪੈਕਟਰ ਜਨਰਲ ਆਫ਼ ਪੁਲਿਸ ਸੀ। ਲੋਕਾਂ ਨੂੰ ਹਟਾਉਣ ਤੋਂ ਬਾਅਦ ਪਿੰਡ ਵਿੱਚ ਦਰੱਖਤ ਲਗਾਏ ਗਏ।

## ਡੱਲੇਵਾਲ ਦਾ ਮਰਨ ਵਰਤ 30ਵੇਂ ਦਿਨ ਵੀ ਜਾਰੀ, ਪੰਜਾਬ ਬੰਦ ਲਈ ਭਲਕੇ ਜਥੇਬੰਦੀਆਂ ਨੇ ਸੱਦੀ ਮੀਟਿੰਗ

**ਖਨੌਰੀ।** ਖਨੌਰੀ ਮੋਰਚੇ 'ਤੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਜੀ ਦਾ ਮਰਨ ਵਰਤ ਅੱਜ 30ਵੇਂ ਦਿਨ ਵੀ ਜਾਰੀ ਰਿਹਾ, ਡਾਕਟਰਾਂ ਨੇ ਮੈਡੀਕਲ ਬੁਲੇਟਿਨ ਜਾਰੀ ਕਰਦਿਆਂ ਦੱਸਿਆ ਕਿ ਜਗਜੀਤ ਸਿੰਘ ਡੱਲੇਵਾਲ ਜੀ ਦਾ ਬਲੱਡ ਪ੍ਰੈਸ਼ਰ 100/70 ਹੈ, ਜੋ ਪਹਿਲਾਂ 130/95 ਆਮ ਹਾਲਤ ਵਿਚ ਰਹਿੰਦਾ ਸੀ, ਇਹ ਬਹੁਤ ਚਿੰਤਾਜਨਕ ਗੱਲ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਅਸੀਂ ਅਤੇ ਸਾਰੇ ਕਿਸਾਨ ਜਾਣਦੇ ਹਾਂ ਕਿ ਜਗਜੀਤ ਸਿੰਘ ਡੱਲੇਵਾਲ ਜੀ ਨੇ ਪਿਛਲੇ 30 ਦਿਨਾਂ ਤੋਂ ਨਾ ਤਾਂ ਕੁਝ ਖਾਧਾ ਹੈ ਅਤੇ ਨਾ ਹੀ ਪਾਣੀ ਤੋਂ ਇਲ-ਾਵਾ ਕੁਝ ਵੀ ਪੀਤਾ ਹੈ ਪਰ ਕੇਂਦਰ ਸਰਕਾਰ, ਸੂਬਾ ਸਰਕਾਰਾਂ ਅਤੇ ਕਿਸੇ ਵੀ ਸੰਵਿਧਾਨਕ ਅਦਾਰੇ ਨੂੰ ਕੋਈ ਭੁਲੇਖਾ ’ਚ ਨਹੀਂ ਰਹਿਣਾ ਚਾਹੀਦਾ। ਇਸ ਲਈ ਜਗਜੀਤ ਸਿੰਘ ਡੱਲੇਵਾਲ ਦੇ ਕੀਟੋਨ ਬਾਡੀ ਟੈਸਟ ਸਮੇਤ ਸਾਰੇ ਟੈਸਟ ਸਰਕਾਰੀ ਡਾਕਟਰਾਂ ਤੋਂ ਕਰਵਾਏ ਜਾਣ ਅਤੇ ਉਨ੍ਹਾਂ ਦੀ ਰਿਪੋਰਟ ਦੇਸ਼ ਨਾਲ ਸਾਂਝੀ ਕੀਤੀ ਜਾਵੇ। ਕਿਸਾਨ ਆਗੂਆਂ ਨੇ ਦੱਸਿਆ ਕਿ 30 ਦਸੰਬਰ ਦੇ ਪੰਜਾਬ ਬੰਦ ਦੇ ਪ੍ਰੋਗਰਾਮ ਦੀ ਤਿਆਰੀ ਲਈ ਭਲਕੇ ਖਨੌਰੀ ਫਰੰਟ ਵਿਖੇ ਸਮੂਹ ਧਾਰਮਿਕ, ਸਮਾਜਿਕ, ਸੱਭਿਆਚਾਰਕ, ਵਪਾਰਕ ਜਥੇਬੰਦੀਆਂ/ਯੂਨੀਅਨਾਂ ਦੀ ਮੀਟਿੰਗ ਸੱਦੀ ਗਈ ਹੈ, ਜਿਸ ਵਿੱਚ 'ਪੰਜਾਬ ਬੰਦ' ਦੇ ਪ੍ਰੋਗਰਾਮ ਲਈ ਠੋਸ ਰਣਨੀਤੀ ਉਲੀਕੀ ਜਾਵੇਗੀ। ਕਿਸਾਨ ਆਗੂਆਂ ਨੇ ਕਿਹਾ ਕਿ ਭਲਕੇ ਪੰਜਾਬ ਤੋਂ ਇਲਾਵਾ ਹੋਰਨਾਂ ਸੂਬਿਆਂ ’ਚ ਵੀ ਜਗਜੀਤ ਸਿੰਘ ਡੱਲੇਵਾਲ ਜੀ ਦੇ ਮਰਨ ਵਰਤ ਦੇ ਸਮਰਥਨ ਵਿੱਚ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਭੁੱਖ ਹੜਤਾਲ ਕੀਤੀ ਜਾਵੇਗੀ। ਕਿਸਾਨ ਆਗੂਆਂ ਨੇ ਕਿਹਾ ਕਿ ਹਰਿਆਣਾ ਸਰਕਾਰ ਨੇ ਕੁਝ ਦਿਨ ਪਹਿਲਾਂ ਨੋਟੀਫਿਕੇਸ਼ਨ ਜਾਰੀ ਕਰਕੇ ਕਿਹਾ ਸੀ ਕਿ ਅਸੀਂ ਘੱਟੋ-ਘੱਟ ਸਮਰਥਨ ਮੁੱਲ 'ਤੇ 24 ਫ਼ਸਲਾਂ ਦੀ ਖਰੀਦ ਦੀ ਗਾਰੰਟੀ ਦੇਣ ਦਾ ਫੈਸਲਾ ਲੈ ਰਹੇ ਹਾਂ, ਦੋਵੇਂ ਮੋਰਚਿਆਂ ਦੇ ਆਗੂ ਹਰਿਆਣਾ ਸਰਕਾਰ ਤੋਂ ਪੁੱਛਣਾ ਚਾਹੁੰਦੇ ਹਨ ਕਿ ਕੀ ਕੋਈ ਵੀ ਸੂਬਾ ਸਰਕਾਰ ਅਪਣੇ ਦਮ ’ਤੇ 24 ਫ਼ਸਲਾਂ ਖਰੀਦ ਐੱਮ.ਐੱਸ.ਪੀ. 'ਤੇ ਗਾਰੰਟੀ ਦਾ ਫੈਸਲਾ ਲੈ ਸਕਦੀ ਹੈ।

# ਪੁਲਿਸ ਨੇ ਬੱਚੇ ਨੂੰ ਅਗਵਾ ਕਰ ਲੁਧਿਆਣਾ ਵੇਚਣ ਗਏ ਪਤੀ-ਪਤਨੀ ਸਮੇਤ 4 ਮੁਲਜ਼ਮਾਂ ਨੂੰ ਕੀਤਾ ਗ੍ਰਿਫ਼ਤਾਰ

**ਜਲੰਧਰ।** ਜਲੰਧਰ ਕਮਿਸ਼ਨਰ ਪੁਲਿਸ ਦੇ ਅਧੀਨ ਪੈਂਦੇ ਥਾਣਾ ਰਾਮਾ ਮੰਡੀ ਦੀ ਪੁਲਿਸ ਨੇ 3 ਮਹੀਨੇ ਦੇ ਬੱਚੇ ਨੂੰ ਅਗਵਾ ਕਰਕੇ ਲੁਧਿਆਣਾ ਵੇਚਣ ਗਏ ਪਤੀ-ਪਤਨੀ ਸਮੇਤ 4 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਬੱਚਾ ਬਰਾਮਦ ਕਰ ਲਿਆ ਹੈ। ਮੰਗਲਵਾਰ ਸ਼ਾਮ ਨੂੰ ਇੱਕ ਬੱਚੇ ਦੇ ਲਾਪਤਾ ਹੋਣ ਦੀ ਸ਼ਿਕਾਇਤ ਮਿਲਣ ਤੋਂ ਬਾਅਦ ਪੁਲਿਸ ਹਰਕਤ ਵਿੱਚ ਆਈ। ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਸੀਸੀਟੀਵੀ ਫ਼ੁਟੇਜ ਅਤੇ ਤਕਨੀਕੀ ਸਾਧਨਾਂ ਦੀ ਮਦਦ ਨਾਲ ਮੁਲਜ਼ਮਾਂ ਦੀ ਪਛਾਣ ਕੀਤੀ। ਜਿਸ 'ਚ ਪੁਲਿਸ ਨੂੰ ਸੂਚਨਾ ਮਿਲੀ ਕਿ ਦੋਸ਼ੀ ਲੁਧਿਆਣਾ 'ਚ ਘੁੰਮ ਰਹੇ ਹਨ ਅਤੇ ਬੱਚੇ ਵੇਚਣ ਦੀ ਕੋਸ਼ਿਸ਼ ਕਰ ਰਹੇ ਹਨ। ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਲੁਧਿਆਣਾ ਪੁਲਿਸ ਦੀ ਮਦਦ ਨਾਲ ਦੋਸ਼ੀ ਨੂੰ ਕਾਬੂ ਕਰ ਲਿਆ। ਪੁਲਿਸ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ 'ਤੇ ਲੈ ਕੇ ਪੁੱਛਗਿੱਛ



ਕਰੇਗੀ। ਇਸ ਸਬੰਧੀ ਏ.ਡੀ.ਸੀ.ਪੀ ਸਿਟੀ 1 ਤੇਜਬੀਰ ਸਿੰਘ ਹੁੰਦਲ ਨੇ ਦੱਸਿਆ ਕਿ 24 ਦਸੰਬਰ ਮੰਗਲਵਾਰ ਦੀ ਸ਼ਾਮ ਨੂੰ ਕੰਟਰੋਲ ਰੂਮ ਤੋਂ ਸੂਚਨਾ ਮਿਲੀ ਸੀ ਕਿ ਦਾਹਵਾ ਚੌਕੀ ਅਧੀਨ ਪੈਂਦੇ ਇਲਾਕੇ 'ਚੋਂ 3 ਮਹੀਨੇ ਦੇ ਬੱਚੇ ਨੂੰ ਅਗਵਾ ਕਰ ਲਿਆ ਗਿਆ ਹੈ। ਥਾਣਾ ਰਾਮਾ ਮੰਡੀ ਦੇ ਇੰਚਾਰਜ ਪਰਮਿੰਦਰ ਸਿੰਘ ਅਤੇ ਦਕੋਹਾ ਚੌਕੀ ਦੇ ਇੰਚਾਰਜ ਨਰਿੰਦਰ ਮੋਹਨ ਮੌਕੇ 'ਤੇ ਪੁੱਜੇ। ਪੁਲਿਸ ਦੀ ਮੁੱਢਲੀ ਜਾਂਚ 'ਚ ਸਾਹਮਣੇ ਆਇਆ ਹੈ ਕਿ ਉਕਤ ਦੋਸ਼ੀ ਲੁਧਿਆਣਾ 'ਚ ਬੱਚੇ ਵੇਚਣ ਦੀ ਕੋਸ਼ਿਸ਼ ਕਰ ਰਹੇ ਸਨ। ਪੁਲਿਸ ਨੇ ਹਰਕਤ 'ਚ ਆਉਂਦਿਆਂ ਮੌਕੇ 'ਤੇ ਪਹੁੰਚ ਕੇ ਅਪਣੀ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲਿਸ ਜਾਂਚ 'ਚ ਸਾਹਮਣੇ ਆਇਆ ਹੈ ਕਿ ਉਕਤ ਮੁਲਜ਼ਮ ਪਹਿਲਾਂ ਵੀ ਘਰ ਦੇ ਆਲੇ-ਦੁਆਲੇ ਰੇਕੀ ਕਰਦਾ ਸੀ। ਜਿੱਥੇ ਉਸ ਨੇ ਦੇਖਿਆ ਕਿ ਘਰ 'ਚ ਇਕੱਲੀ ਮਾਂ ਕੰਮ ਕਰ ਰਹੀ ਸੀ ਅਤੇ 3 ਮਹੀਨੇ ਦਾ ਬੱਚਾ ਘਰ ਦੇ ਵਿਹੜੇ 'ਚ ਇਕੱਲਾ ਪਿਆ ਸੀ। ਇਸ ਦਾ ਫਾਇਦਾ ਉਠਾਉਂਦੇ ਹੋਏ ਉਕਤ ਦੋਸ਼ੀ ਬੱਚੇ ਨੂੰ ਅਗਵਾ ਕਰਕੇ ਉਥੋਂ ਲੈ ਗਏ। ਏ.ਡੀ.ਸੀ.ਪੀ. ਨੇ ਦੱਸਿਆ ਕਿ ਮੁਲਜ਼ਮ ਬੱਚੇ ਨੂੰ ਇੱਕ ਆਟੋ 'ਚ ਲੁਧਿਆਣਾ ਵੱਲ ਲੈ ਗਿਆ ਸੀ।

## ਬੋਨਟ 'ਤੇ ਬੈਠਾਇਆ ਬੱਚਾ, ਹਾਈਵੇ 'ਤੇ ਭਜਾਈ ਕਾਰ, ਮੁਲਜ਼ਮ ਗ੍ਰਿਫ਼ਤਾਰ

**ਝਾਲਾਵਾੜ।** ਰੀਲ ਬਣਾਉਣ ਲਈ ਇੱਕ ਨੌਜਵਾਨ ਨੇ ਬੋਨਟ 'ਤੇ ਆਪਣੇ 5 ਸਾਲਾ ਬੇਟੇ ਨੂੰ ਬੈਠਾਇਆ ਤੇ ਕਾਰ ਭਜਾਈ। ਇਸ ਦਾ ਵੀਡੀਓ ਸਾਹਮਣੇ ਆਇਆ ਹੈ। ਇੱਕ ਬੱਚੇ ਦੀ ਜਾਨ ਖਤਰੇ ਵਿੱਚ ਪਾਉਣ ਦੀ ਇਹ ਵੀਡੀਓ ਝਾਲਾਵਾੜ ਇਲਾਕੇ ਦੇ ਨੈਸ਼ਨਲ ਹਾਈਵੇ-52 ਦੀ ਹੈ। ਨੌਜਵਾਨ ਵੀਰਵਾਰ ਨੂੰ ਹਾਈਵੇਅ 'ਤੇ ਝਾਲਾਵਾੜ ਤੋਂ ਕੋਟਾ ਵੱਲ ਕਾਰ ਚਲਾ ਰਿਹਾ ਸੀ। ਵੀਡੀਓ ਸਾਹਮਣੇ ਆਉਣ ਤੋਂ ਬਾਅਦ ਪੁਲਸ ਨੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਸ ਖਿਲਾਫ ਮਨੁੱਖੀ ਜਾਨ ਨੂੰ ਖਤਰੇ ਵਿਚ ਪਾਉਣ ਦਾ ਮਾਮਲਾ ਦਰਜ ਕੀਤਾ ਗਿਆ ਹੈ।

ਝਾਲਾਵਾੜ ਕੋਤਵਾਲੀ ਸੀਆਈ ਚੰਦਰ ਜੋਤੀ ਸ਼ਰਮਾ ਨੇ ਕਿਹਾ ਕਿ ਇੱਕ ਵੀਡੀਓ ਸਾਹਮਣੇ ਆਇਆ ਸੀ ਜਿਸ ਵਿੱਚ ਇੱਕ ਮਾਸੂਮ ਬੱਚੇ ਨੂੰ ਰੀਲ ਬਣਾਉਣ ਲਈ ਜਾਨ ਨੂੰ ਜ਼ੋਖਮ ਵਿੱਚ ਪਾਇਆ ਸੀ। ਇਸ 'ਚ ਇੱਕ ਨੌਜਵਾਨ ਬੋਨਟ 'ਤੇ ਬੈਠਾ ਚਾਰ-ਪੰਜ ਸਾਲ ਦੇ ਬੱਚੇ ਨਾਲ ਕਾਰ ਚਲਾ ਰਿਹਾ ਹੈ। ਵੀਡੀਓ 'ਚ ਬੱਚੇ ਦਾ ਚਿਹਰਾ ਅਤੇ ਕਾਰ ਦਾ ਨੰਬਰ ਸਾਫ ਦਿਖਾਈ ਦੇ ਰਿਹਾ ਸੀ ਪਰ ਡਰਾਈਵਰ ਸਾਫ ਨਜ਼ਰ ਨਹੀਂ ਆ



ਰਿਹਾ ਸੀ। ਪੁਲਿਸ ਨੇ ਕਾਰ ਨੰਬਰ ਦੇ ਆਧਾਰ 'ਤੇ ਮੁਲਜ਼ਮ ਡਰਾਈਵਰ ਸੁਰੇਸ਼ ਕੁਮਾਰ ਵਾਸੀ ਨਵਾਂ ਤਾਲਾਬ (ਝਾਲਾਵਾੜ) ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲਿਸ ਨੇ ਮੁਲਜ਼ਮਾਂ ਖਿਲਾਫ਼ ਮਨੁੱਖੀ ਜਾਨ ਨੂੰ ਖਤਰੇ ਵਿੱਚ ਪਾਉਣ ਦੇ ਦੋਸ਼ ਹੇਠ ਕੇਸ ਦਰਜ ਕਰ ਲਿਆ ਹੈ। ਕਾਰ ਨੂੰ ਵੀ ਜ਼ਬਤ ਕਰ ਲਿਆ ਗਿਆ ਹੈ।

## 'ਆਪ' ਨੇ ਪੈਸੇ ਵੰਡਣ ਦੇ ਦੋਸ਼ ਹੇਠ ਭਾਜਪਾ ਆਗੂਆਂ ਖ਼ਿਲਾਫ਼ ਈਡੀ ਨੂੰ ਸ਼ਿਕਾਇਤ ਸੌਂਪੀ

**ਨਵੀਂ ਦਿੱਲੀ।** ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਸੰਜੈ ਸਿੰਘ ਨੇ ਐਨਫੋਰਸਮੈਂਟ ਡਾਇਰੈਕਟੋਰੇਟ ਨੂੰ ਦਿੱਤੀ ਸ਼ਿਕਾਇਤ ਵਿਚ ਦਿੱਲੀ ਵਿਧਾਨ ਸਭਾ ਦੀਆਂ ਆਗਾਮੀ ਚੋਣਾਂ ਤੋਂ ਪਹਿਲਾਂ ਦੋ ਭਾਜਪਾ ਆਗੂਆਂ ਸਾਬਕਾ ਸੰਸਦ ਮੈਂਬਰ ਪਰਵੇਸ਼ ਵਰਮਾ ਤੇ ਸਾਬਕਾ ਵਿਧਾਇਕ ਮਨਜਿੰਦਰ ਸਿੰਘ ਸਿਰਸਾ ਉੱਤੇ ਲੋਕਾਂ ਨੂੰ ਪੈਸ ਵੰਡਣ ਦਾ ਦੋਸ਼ ਲਾਇਆ ਹੈ। ਸਿੰਘ ਨੇ ਈਡੀ ਉੱਤੇ ਵਰ੍ਹਦਿਆਂ ਕਿਹਾ ਕਿ ਸੰਘੀ ਏਜੰਸੀ ਨੇ ਉਨ੍ਹਾਂ ਦੀ ਸ਼ਿਕਾਇਤ ਲੈ ਲਈ, ਪਰ ਅਧਿਕਾਰੀਆਂ ਨੇ ਪਾਰਟੀ ਵਫ਼ਦ ਨੂੰ ਮਿਲਣ ਤੋਂ ਨਾਂਹ ਕਰ ਦਿੱਤੀ। ਸੰਜੈ ਸਿੰਘ ਨੇ ਕਿਹਾ ਕਿ ਉਨ੍ਹਾਂ ਈਮੇਲ ਰਾਹੀਂ ਈਡੀ ਅਧਿਕਾਰੀਆਂ ਨੂੰ ਸ਼ਾਮ ੪ ਵਜੇ ਮਿਲਣ ਲਈ ਸਮਾਂ ਲਿਆ ਸੀ। 'ਆਪ' ਆਗੂਆਂ ਨੇ ਦੱਸਿਆ, ''ਆਪ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਹਲਕੇ ਵਿੱਚ ਬੁੱਧਵਾਰ ਨੂੰ ਵੋਟਰਾਂ ਨੂੰ ਸ਼ਰੇਆਮ ਰਿਸ਼ਵਤ ਵਜੋਂ ੧੧●●-੧੧●● ਰੁਪਏ ਵੰਡੇ ਗਏ। ਜੇ ਈਡੀ ਸਾਬਕਾ ਸੰਸਦ ਮੈਂਬਰ ਵਰਮਾ ਦੀ ਰਿਹਾਇਸ਼



'ਤੇ ਛਾਪਾ ਮਾਰੇ ਤਾਂ ਉੱਥੋਂ ਕਰੋੜਾਂ ਰੁਪਏ ਬਰਾਮਦ ਹੋਣਗੇ।'' ਸਿੰਘ ਨੇ ਕਿਹਾ ਕਿ ਈਡੀ ਅਧਿਕਾਰੀਆਂ ਨੇ ਉਨ੍ਹਾਂ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਕਿਹਾ, ''ਈਡੀ ਜੋ ਹੋਰ ਕੰਮਾਂ ਵਿੱਚ ਤਾਂ ਬਹੁਤ ਸਰਗਰਮ ਹੈ, ਕੋਲ 'ਆਪ' ਆਗੂਆਂ ਨੂੰ ਮਿਲਣ ਦਾ ਸਮਾਂ ਨਹੀਂ ਹੈ। ਇਸ ਦਾ ਮਤਲਬ ਹੈ ਕਿ ਉਹ ਸੱਤਾਧਾਰੀ ਪਾਰਟੀ ਦੇ ਇਸ਼ਾਰੇ ਉੱਤੇ ਸਰਕਾਰਾਂ ਡੇਗਣ ਤੇ ਮੁੱਖ ਮੰਤਰੀਆਂ ਸਣੇ ਵਿਰੋਧੀ ਧਿਰਾਂ ਦੇ ਆਗੂਆਂ ਨੂੰ ਗ੍ਰਿਫ਼ਤਾਰ ਕਰਨ ਦਾ ਕੰਮ ਕਰਦੀ ਹੈ।'' ਸਿੰਘ ਨੇ ਕਿਹਾ ਕਿ ਉਹ ਜਲਦੀ ਹੀ ਸੀਬੀਆਈ, ਆਈਟੀ ਵਿਭਾਗ ਤੇ ਚੋਣ ਕਮਿਸ਼ਨ ਨੂੰ ਮਿਲ ਕੇ ਭਾਜਪਾ ਆਗੂਆਂ ਖ਼ਿਲਾਫ ਸ਼ਿਕਾਇਤ ਦਰਜ ਕਰਵਾਉਣਗੇ। ਉੱਧਰ, ਭਾਜਪਾ ਆਗੂਆਂ ਪਰਵੇਸ਼ ਵਰਮਾ ਤੇ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਉਹ ਚੋਣ ਜ਼ਾਬਤਾ ਲੱਗਣ ਤੱਕ ਲੋੜਵੰਦਾਂ ਦੀ ਮਦਦ ਕਰਦੇ ਰਹਿਣਗੇ। ਵਰਮਾ ਨੇ ਕਿਹਾ ਕਿ ਸੰਜੇ ਸਿੰਘ ਜਿਸ ਪੈਸੇ ਦੀ ਗੱਲ ਕਰ ਰਹੇ ਹਨ, ਉਹ ਉਨ੍ਹਾਂ ਦੇ ਪਿਤਾ ਤੇ ਸਾਬਕਾ ਮੁੱਖ ਮੰਤਰੀ ਸਾਹਿਬ ਸਿੰਘ ਵਰਮਾ ਵੱਲੋਂ ਬਣਾਈ ਸਮਾਜਿਕ ਸੰਸਥਾ 'ਰਾਸ਼ਟਰੀ ਸਵਾਭੀਮਾਨ' ਵੱਲੋਂ ਮਹਿਲਾਵਾਂ ਨੂੰ ਦਿੱਤਾ ਗਿਆ ਸੀ। ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਦਿੱਲੀ ਸਰਕਾਰ ਵੱਲੋਂ 'ਮਹਿਲਾ ਸੰਮਾਨ ਯੋਜਨਾ' ਤੇ 'ਸੰਜੀਵਨੀ ਯੋਜਨਾ' ਦੀ ਕੋਈ ਹੋਂਦ ਨਾ ਹੋਣ ਬਾਰੇ ਦਿੱਤੇ ਜਨਤਕ ਨੋਟਿਸਾਂ ਮਗਰੋਂ ਦਿੱਲੀ ਸਰਕਾਰ ਬੁਖਲਾ ਗਈ ਹੈ।


Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office

Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com



ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।


## ਰੇਡੀਓ ਜੌਕੀ ਸਿਮਰਨੀ ਸਿੰਘ ਵੱਲੋਂ ਖ਼ੁਦਕੁਸ਼ੀ




**ਗੁਰੂਗ੍ਰਾਮ।** ਜੰਮੂ ਕਸ਼ਮੀਰ ਦੀ ਮਸ਼ਹੂਰ ਫ੍ਰੀਲਾਂਸ ਰੇਡੀਓ ਜੌਕੀ ਸਿਮਰਨ ਸਿੰਘ ਨੇ ਇੱਥੇ ਸੈਕਟਰ-47 ਸਥਿਤ ਆਪਣੇ ਕਿਰਾਏ ਦੇ ਮਕਾਨ 'ਚ ਕਥਿਤ ਤੌਰ 'ਤੇ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਪੁਲੀਸ ਨੇ ਅੱਜ ਇਹ ਜਾਣਕਾਰੀ ਦਿੱਤੀ। ਪੁਲੀਸ ਨੇ ਦੱਸਿਆ ਕਿ ਬੁੱਧਵਾਰ ਰਾਤ ਨੂੰ ਸਿਮਰਨ ਦੀ ਲਾਸ਼ ਉਸ ਦੇ ਕਮਰੇ ਵਿੱਚ ਲਟਕੀ ਹੋਈ ਮਿਲੀ। ਪੁਲੀਸ ਨੇ ਦੱਸਿਆ ਕਿ ਮੌਕੇ ਤੋਂ ਕੋਈ ਖ਼ੁਦਕੁਸ਼ੀ ਨੋਟ ਨਹੀਂ ਮਿਲਿਆ ਹੈ। ਪੁਲੀਸ ਨੇ ਇਹ ਵੀ ਦੱਸਿਆ ਕਿ ਸਿਮਰਨ ਦੇ 'ਇੰਸਟਾਗ੍ਰਾਮ' ਉੱਤੇ ਛੇ ਲੱਖ ਤੋਂ ਜ਼ਿਆਦਾ ਫਾਲੋਅਰਜ਼ ਸਨ। ਪੁਲੀਸ ਮਾਮਲੇ ਦੀ ਜਾਂਚ ਕਰ ਰਹੀ ਹੈ।


ਪੱਤਰਕਾਰਾਂ ਦੀ ਲੋੜ


ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਸੀਰੀਆ ਦੇ ਸਾਬਕਾ ਰਾਸ਼ਟਰਪਤੀ ਦੀ ਪਤਨੀ ਨੂੰ ਬਲੱਡ ਕੈਂਸਰ ਹੋਣ ਦਾ ਦਾਅਵਾ



**ਮਾਸਕੋ।** ਸੀਰੀਆ ਦੇ ਸਾਬਕਾ ਰਾਸ਼ਟਰਪਤੀ ਬਸ਼ਰ ਅਲ-ਅਸਦ ਦੀ ਪਤਨੀ ਅਸਮਾ ਅਲ-ਅਸਦ ਗੰਭੀਰ ਬੀਮਾਰੀ ਤੋਂ ਪੀੜਤ ਹਨ। ਦਿ ਟੈਲੀਗ੍ਰਾਫ ਮੁਤਾਬਕ ਅਸਮਾ ਨੂੰ ਬਲੱਡ ਕੈਂਸਰ ਯਾਨੀ ਲਿਊਕੇਮੀਆ ਹੈ। ਡਾਕਟਰਾਂ ਨੇ ਕਿਹਾ ਹੈ ਕਿ ਉਨ੍ਹਾਂ ਦੇ ਬਚਣ ਦੀ ਸੰਭਾਵਨਾ ਸਿਰਫ 50% ਹੈ। ਬ੍ਰਿਟਿਸ਼ ਵਿੱਚ ਜਨਮੀ ਅਸਮਾ ਅਲ-ਅਸਦ ਨੂੰ 2019 ਵਿੱਚ ਛਾਤੀ ਦੇ ਕੈਂਸਰ ਦਾ ਪਤਾ ਲੱਗਿਆ ਸੀ। ਇਲਾਜ ਤੋਂ ਬਾਅਦ ਉਨ੍ਹਾਂ ਨੇ ਆਪਣੇ ਆਪ ਨੂੰ ਕੈਂਸਰ ਮੁਕਤ ਐਲਾਨ ਦਿੱਤਾ। ਫਿਲਹਾਲ ਉਸ ਨੂੰ ਆਈਸੋਲੇਸ਼ਨ 'ਚ ਰੱਖ ਕੇ ਇਲਾਜ ਕੀਤਾ ਜਾ ਰਿਹਾ ਹੈ। ਅਸਮਾ ਨੇ ਦਸੰਬਰ 2000 ਵਿੱਚ ਅਸਦ ਨਾਲ ਵਿਆਹ ਕੀਤਾ ਸੀ। ਅਸਮਾ ਅਤੇ ਅਸਦ ਦੇ ਤਿੰਨ ਬੱਚੇ ਹਨ, ਜਿਨ੍ਹਾਂ ਦਾ ਨਾਂ ਹਾਫਿਜ਼, ਜੀਨ ਅਤੇ ਕਰੀਮ ਹੈ। ਆਸਮਾ ਦਾ ਜਨਮ ਲੰਡਨ ਵਿੱਚ 1975 ਵਿੱਚ ਸੀਰੀਆਈ ਮਾਪਿਆਂ ਦੇ ਘਰ ਹੋਇਆ ਸੀ। ਉਸ ਕੋਲ ਬ੍ਰਿਟੇਨ ਅਤੇ ਸੀਰੀਆ ਦੀ ਦੋਹਰੀ ਨਾਗਰਿਕਤਾ ਹੈ। ਸੀਰੀਆ 'ਚ 2011 'ਚ ਸ਼ੁਰੂ ਹੋਏ ਘਰੇਲੂ ਯੁੱਧ ਅਤੇ ਵਿਦਰੋਹ ਤੋਂ ਬਾਅਦ ਸਥਿਤੀ ਵਿਗੜ ਗਈ। ਬਾਗੀ ਸਮੂਹ ਹਯਾਤ ਤਹਿਰੀਰ ਅਲ-ਸ਼ਾਮ ਦੁਆਰਾ 11 ਦਿਨਾਂ ਦੇ ਹਮਲੇ ਤੋਂ ਬਾਅਦ ਬਸ਼ਰ ਅਲ-ਅਸਦ ਅਤੇ ਉਨ੍ਹਾਂ ਦਾ ਪਰਿਵਾਰ ਹਾਲ ਹੀ ਵਿੱਚ ਸੀਰੀਆ ਤੋਂ ਰੂਸ ਭੱਜ ਗਿਆ ਸੀ। ਹੁਣ ਉਹ ਮਾਸਕੋ ਵਿੱਚ ਸ਼ਰਨ ਲੈ ਕੇ ਰਹਿ ਰਹੇ ਹਨ। ਜ਼ਿਕਰਯੋਗ ਹੈ ਕਿ ਰੂਸ ਨੇ ਅਸਦ ਨੂੰ ਸਖ਼ਤ ਸ਼ਰਤਾਂ ਨਾਲ ਸ਼ਰਨ ਦਿੱਤੀ ਹੈ। ਉਹ ਮਾਸਕੋ ਛੱਡ ਨਹੀਂ ਸਕਦੇ ਹਨ ਅਤੇ ਕਿਸੇ ਵੀ ਰਾਜਨੀਤਿਕ ਗਤੀਵਿਧੀ ਵਿੱਚ ਹਿੱਸਾ ਲੈਣ 'ਤੇ ਪਾਬੰਦੀ ਹੈ। ਇਸ ਤੋਂ ਇਲਾਵਾ ਉਸ ਦੀਆਂ ਜਾਇਦਾਦਾਂ ਨੂੰ ਵੀ ਫਰੀਜ਼ ਕਰ ਦਿੱਤਾ ਗਿਆ ਹੈ।

# ਖਾਣਾ ਪਰੋਸਣ ’ਚ ਦੇਰੀ ਕਾਰਨ ਗੁੱਸੇ ’ਚ ਆਏ ਪਤੀ ਨੇ ਪਤਨੀ ਨੂੰ ਦੂਜੀ ਮੰਜ਼ਲ ਤੋਂ ਦਿਤਾ ਧੱਕਾ



**ਰਾਏਪੁਰ।** ਛੱਤੀਸਗੜ੍ਹ ਦੇ ਰਾਏ-ਪੁਰ ਤੋਂ ਇਕ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਬੁਧਵਾਰ ਨੂੰ ਇਕ ਵਿਅਕਤੀ ਨੇ ਜ਼ਿਆਦਾ ਫ਼ੋਨ ਵਰਤਣ ਅਤੇ ਸਮੇਂ ’ਤੇ ਖਾਣਾ ਨਾ ਦੇਣ ’ਤੇ ਗੁੱਸੇ ’ਚ ਆ ਕੇ ਅਪਣੀ ਪਤਨੀ ਨੂੰ ਦੂਜੀ ਮੰਜ਼ਲ ਤੋਂ ਧੱਕਾ ਦੇ ਦਿੱਤਾ। ਪੀੜਤਾ ਨੂੰ ਖਾਣਾ ਪਰੋਸਣ ’ਚ ਕਥਿਤ ਦੇਰੀ ਤੋਂ ਵਿਅਕਤੀ ਗੁੱਸੇ ’ਚ ਸੀ ਅਤੇ ਉਹ ਉਸ ਨੂੰ ਮਾਰਨ ਚਾਹੁੰਦਾ ਸੀ। ਪੁਲਿਸ ਨੇ ਜਾਣਕਾਰੀ ਦਿਤੀ। ਪਤੀ ਵਲੋਂ ਕੀਤੇ ਇਸ ਅਣਮਨੁੱਖੀ ਕਾਰੇ ਵਿਚ ਔਰਤ ਗੰਭੀਰ ਜ਼ਖ਼ਮੀ ਹੋ ਗਈ ਹੈ। ਉਸ ਨੂੰ ਇਲਾਜ ਲਈ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਪੁਲਿਸ ਸੂਤਰਾਂ ਅਨੁਸਾਰ ਵਿਕਾਸ ਨਗਰ ਦੇ ਰਹਿਣ ਵਾਲੇ ਸੁਨੀਲ ਜਗਬੰਧੂ ਨੇ ਅਪਣੀ ਪਤਨੀ ਸਪਨਾ ਨੂੰ ਖਾਣਾ ਪਰੋਸਣ ਲਈ ਕਿਹਾ। ਪਰ ਉਹ ਅਪਣਾ ਮੋਬਾਈਲ ਫ਼ੋਨ ਵਰਤ ਰਹੀ ਸੀ ਅਤੇ ਉਸ ਨੂੰ ਖਾਣਾ ਪਰੋਸਣ ਵਿਚ ਦੇਰੀ ਕਰ ਰਹੀ ਸੀ। ਇਸ ਗੱਲ ਨੂੰ ਲੈ ਕੇ ਉਨ੍ਹਾਂ ਵਿਚਕਾਰ ਤਕਰਾਰ ਹੋ ਗਈ, ਜਿਸ ਤੋਂ ਬਾਅਦ ਜਗਬੰਧੂ ਨੇ ਅਪਣੀ ਪਤਨੀ ਨੂੰ ਘਰ ਦੀ ਦੂਜੀ ਮੰਜ਼ਲ ਤੋਂ ਧੱਕਾ ਦੇ ਦਿਤਾ। ਗੁਡਿਆਰੀ ਪੁਲਿਸ ਨੇ ਪੂਰੇ ਮਾਮਲੇ ’ਚ ਘਰੇਲੂ ਹਿੰਸਾ ਦਾ ਮਾਮਲਾ ਦਰਜ ਕਰ ਲਿਆ ਹੈ ਅਤੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ। ਸਪਨਾ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ ਅਤੇ ਉਸ ਨੂੰ ਰਾਏਪੁਰ ਦੇ ਡੀਕੇ ਸੁਪਰ ਸਪੈਸ਼ਲਿਟੀ ਹਸਪਤਾਲ ’ਚ ਭਰਤੀ ਕਰਵਾਇਆ ਗਿਆ ਹੈ।

# ਰਾਸ਼ਟਰੀ ਖੇਡ ਪ੍ਰਾਪਤੀਆਂ ’ਚ ਸਾਨਵੀ ਭਾਰਗਵ ਨੇ ਬਰਨਾਲਾ ਦਾ ਚਮਕਾਇਆ ਨਾਮ



**ਬਰਨਾਲਾ।** ਬਰਨਾਲਾ ਦੀ ਸਾਨਵੀ ਭਾਰਦਵਾਜ ਨੇ ਨੈੱਟਬਾਲ ਮੁਕਾਬਲੇ ਵਿਚ ਸੋਨ ਤਮਗ਼ਾ ਜਿਤਿਆ ਹੈ। ਸਾਨਵੀ ਨੇ ਨੈਸ਼ਨਲ ਕੈਂਪ ਵਿਚ ਰਾਸ਼ਟਰੀ ਟੀਮ ਲਈ ਅਭਿਆਸ ਕੀਤਾ ਤੇ ਰਾਸ਼ਟਰੀ ਮੁਕਾਬਲੇ ਵਿਚ ਹਿੱਸਾ ਲਿਆ। ਸੈਮੀਫ਼ਾਈਨਲ ਮੈਚ ਵਿਚ ਕਰਨਾਟਕ ਨਾਲ ਤੇ ਫ਼ਾਈਨਲ ਦੇ ਸਖ਼ਤ ਮੁਕਾਬਲੇ ਵਿਚ ਛਤੀਸਗੜ੍ਹ ਨੂੰ ਹਰਾ ਕੇ ਰਾਸ਼ਟਰੀ ਪੱਧਰ ’ਤੇ ਪੰਜਾਬ ਦੀ ਝੋਲੀ ਸੋਨ ਤਮਗ਼ਾ ਪਿਆ। ਡੀ.ਸੀ ਦਫ਼ਤਰ ਬਰਨਾਲਾ ਵਿਖੇ ਸੇਵਾ ਨਿਭਾ ਰਹੇ ਮੁਨੀਸ਼ ਸ਼ਰਮਾ ਦੀ ਧੀ ਸਾਨਵੀ ਨੇ ਰਾਸ਼ਟਰੀ ਪੱਧਰ ’ਤੇ ਪਿੱਛਲੇ ਦੋ ਸਾਲਾਂ ਤੋਂ ਸੋਨ ਤਮਗੇ ਜਿੱਤਣ ਵਿਚ ਕਾਮਯਾਬੀ ਹਾਸਲ ਕੀਤੀ ਹੈ। ਉਸ ਨੇ ਤਿੰਨ ਸਾਲਾਂ ਵਿਚ ਹੀ ਜ਼ਿਲ੍ਹਾ ਪੱਧਰ ’ਤੇ 10 ਸੋਨ, ਸੂਬਾ ਪੱਧਰ ’ਤੇ 1 ਸੋਨ ਤੇ 8 ਚਾਂਦੀ ਦੇ ਤਮਗ਼ੇ ਅਪਣੀ ਝੋਲੀ ਪਾਏ ਹਨ। ਸਾਨਵੀ ਅਪਣੇ ਮਾਪਿਆਂ ਦੇ ਨਾਲ-ਨਾਲ ਸਕੂਲ ਦੇ ਸਪੋਰਟਸ ਡਾਇਰੈਕਟਰ ਜਤਿੰਦਰ ਸਿੰਘ, ਕੋਚ ਅਮਰੀਕ ਖ਼ਾਨ ਹੰਡਿਆਇਆ ਅਤੇ ਨੈਸ਼ਨਲ ਕੈਂਪ ਵਿਚ ਕੋਚਿੰਗ ਦੇਣ ਵਾਲੇ ਮਨਜੀਤ ਸਿੰਘ ਦਾ ਧਨਵਾਦ ਕੀਤਾ । ਸਾਨਵੀ ਸੈਸਟੋਬਾਲ ਤੇ ਨੈੱਟਬਾਲ ਵਿਚ ਰਾਸ਼ਟਰੀ ਪੱਧਰ, ਰਾਜ ਪੱਧਰ ਤੇ ਜ਼ਿਲ੍ਹਾ ਪੱਧਰ ’ਤੇ ਕਾਫੀ ਤਮਗ਼ੇ ਪ੍ਰਾਪਤ ਕਰ ਚੁੱਕੀ ਹੈ। ਉਸ ਨੇ ਓਪਨ ਸੀਨੀਅਰ ਸਟੇਟ ਮੁਕਾਬਲਿਆਂ ਵਿੱਚ ਵੀ ਚਾਂਦੀ ਦਾ ਤਮਗ਼ਾ ਪ੍ਰਾਪਤ ਕੀਤਾ ਹੈ।



# ਅੰਬੇਡਕਰ ਭਵਨ ਟਰੱਸਟ ਨੇ ਮਾਨਯੋਗ ਰਾਸ਼ਟਰਪਤੀ ਨੂੰ ਭੇਜਿਆ ਮੰਗ ਪੱਤਰ

## ਗ੍ਰਹਿ ਮੰਤਰੀ ਅਮਿਤ ਸ਼ਾਹ ਮੁਆਫੀ ਮੰਗੇ ਅਤੇ ਅਸਤੀਫਾ ਦੇਵੇ

**ਜਲੰਧਰ (ਸਮਾਜ ਵੀਕਲੀ)** ਪਿਛਲੇ ਦਿਨੀ ਭਾਰਤ ਦੇ ਗ੍ਰਹਿ ਮੰਤਰੀ ਸ਼੍ਰੀ ਅਮਿਤ ਸ਼ਾਹ ਨੇ ਔਰਤਾਂ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ , ਓਬੀਸੀ ਅਤੇ ਭਾਰਤ ਦੇ ਦੱਬੇ ਕੁਚਲੇ ਲੋਕਾਂ ਦੇ ਮੁਕਤੀਦਾਤਾ, ਭਾਰਤੀ ਸੰਵਿਧਾਨ ਦੇ ਮੁੱਖ ਨਿਰਮਾਤਾ, ਮਹਾਨ ਰਾਸ਼ਟਰ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਪ੍ਰਤੀ ਰਾਜ ਸਭਾ ਵਿੱਚ ਬਹੁਤ ਹੀ ਹੰਕਾਰੀ ਮਜ਼ਾਕੀਆ ਢੰਗ ਨਾਲ ਭੱਦੀ ਟਿੱਪਣੀ ਕੀਤੀ। ਦੇਸ਼-ਵਿਦੇਸ਼ ਵਿੱਚ ਬੈਠੇ ਬਾਬਾ ਸਾਹਿਬ ਡਾ. ਅੰਬੇਡਕਰ ਦੇ ਸ਼ਰਧਾਲੂਆਂ ਨੂੰ ਇਸ ਟਿੱਪਣੀ ਨੇ ਭਾਰੀ ਠੇਸ ਪਹੁੰਚਾਈ ਹੈ ਅਤੇ ਅਸੀਂ ਇਸ ਨੂੰ ਬਾਬਾ ਸਾਹਿਬ ਦਾ ਅਪਮਾਨ ਸਮਝਦੇ ਹਾਂ ਜੋ ਕਿਸੇ ਕੀਮਤ ਤੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਲਈ ਅੰਬੇਡਕਰ ਭਵਨ ਟਰੱਸਟ (ਰਜਿ.) ਜਲੰਧਰ ਦੇ ਟਰੱਸਟੀਆਂ ਅਤੇ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਅਹੁਦੇਦਾਰਾਂ ਨੇ ਮਾਨਯੋਗ ਰਾਸ਼ਟਰਪਤੀ ਜੀ ਨੂੰ ਮਾਨਯੋਗ ਡਿਪਟੀ ਕਮਿਸ਼ਨਰ ਜਲੰਧਰ ਰਾਹੀਂ ਮੰਗ ਪੱਤਰ ਰਾਹੀਂ ਮੰਗ ਕੀਤੀ ਕਿ ਭਾਰਤ ਦੇ ਗ੍ਰਹਿ ਮੰਤਰੀ ਸ਼੍ਰੀ ਅਮਿਤ ਸ਼ਾਹ ਨੂੰ ਪਾਰਲੀਮੈਂਟ ਵਿੱਚ ਮਾਫੀ ਮੰਗਣ ਅਤੇ ਉਸ ਨੂੰ ਗ੍ਰਹਿ ਮੰਤਰੀ ਦੇ ਪਦ ਤੋਂ ਅਸਤੀਫਾ ਦੇਣ ਲਈ ਨਿਰਦੇਸ਼ਿਤ ਕੀਤਾ ਜਾਵੇ ਕਿਉਂਕਿ ਉਸ ਨੇ ਬਾਬਾ ਸਾਹਿਬ ਦਾ ਅਪਮਾਨ ਕੀਤਾ ਹੈ। ਅਜਿਹੇ ਕਿਸੇ ਵੀ ਵਿਅਕਤੀ ਨੂੰ ਭਾਰਤ ਦੇ ਮਹਾਨ ਸਪੂਤ ਦਾ ਅਪਮਾਨ ਕਰਨ ਦਾ ਕੋਈ ਹੱਕ ਨਹੀਂ ਹੈ। ਇਸ ਮੌਕੇ ਅੰਬੇਡਕਰ ਭਵਨ ਟਰੱਸਟ (ਰਜਿ.) ਦੇ ਚੇਅਰਮੈਨ ਸ਼੍ਰੀ ਸੋਹਨ ਲਾਲ, ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.)ਦੇ ਪ੍ਰਧਾਨ ਸ਼੍ਰੀ ਚਰਨ ਦਾਸ ਸੰਧੂ ਅਤੇ ਡਾ. ਜੀ. ਸੀ. ਕੌਲ, ਬਲਦੇਵ ਰਾਜ ਭਾਰਦਵਾਜ, ਹਰਮੇਸ਼ ਜੱਸਲ ਅਤੇ ਨਿਰਮਲ ਬਿੰਜੀ ਹਾਜ਼ਰ ਸਨ।


ਮਾਨਯੋਗ ਰਾਸ਼ਟਰਪਤੀ ਦੇ ਨਾਮ ਮਾਨਯੋਗ ਡਿਪਟੀ ਕਮਿਸ਼ਨਰ ਜਲੰਧਰ ਨੂੰ ਮੈਮੋਰੰਡਮ ਸੌਂਪਦੇ ਹੋਏ ਅੰਬੇਡਕਰ ਭਵਨ ਟਰੱਸਟ ਅਤੇ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ ਦੇ ਆਗੂ।

**ਬਲਦੇਵ ਰਾਜ ਭਾਰਦਵਾਜ**
**ਵਿੱਤ ਸਕੱਤਰ**
**ਅੰਬੇਡਕਰ ਭਵਨ ਟਰੱਸਟ (ਰਜਿ.)**

# ਕੇਂਦਰ ਸਰਕਾਰ ਦੀ ਤਾਨਾਸ਼ਾਹੀ ਅਤੇ ਅਣਮਨੁੱਖੀ ਵਤੀਰਾ ਨਿੰਦਨਯੋਗ-ਸਰਬਜੀਤ ਸਿੰਘ

**ਕਪੂਰਥਲਾ, (ਕੌੜਾ)–** ਆਰ ਸੀ ਐਫ ਇੰਪਲਾਈਜ ਯੂਨੀਅਨ ਦੀ ਇਕ ਜਰੂਰੀ ਮੀਟਿੰਗ ਅਮਰੀਕ ਸਿੰਘ, ਪ੍ਰਧਾਨ, ਆਰ ਸੀ ਐਫ ਈ ਯੂ ਦੀ ਅਗਵਾਈ ਵਿੱਚ ਹੋਈ। ਜਿਸ ਵਿੱਚ ਕਿਸਾਨੀ ਮੰਗਾਂ ਤੇ ਮਸਲਿਆਂ ਨੂੰ ਹੱਲ ਕਰਵਾਉਣ ਲਈ ਭੁੱਖ ਹੜਤਾਲ ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਸਿਹਤ ਪ੍ਰਤੀ ਗੰਭੀਰ ਚਿੰਤਾ ਪ੍ਰਗਟ ਕੀਤੀ ਗਈ ਅਤੇ ਕੇਂਦਰ ਸਰਕਾਰ ਦੇ ਤਾਨਾਸ਼ਾਹੀ ਅਤੇ ਗੈਰ ਮਨੁੱਖੀ ਰਵਈਏ ਦੀ ਘੋਰ ਨਿੰਦਾ ਕੀਤੀ।
ਮੀਟਿੰਗ ਨੂੰ ਸੰਬੋਧਨ ਕਰਦਿਆਂ ਸਾਥੀ ਸਰਬਜੀਤ ਸਿੰਘ, ਜਨਰਲ ਸੈਕਟਰੀ, ਆਰਸੀਐਫ ਈਯੂ ਨੇ ਕਿਹਾ ਕਿ ਕੇਂਦਰ ਸਰਕਾਰ ਸ਼ਰੇਆਮ ਦੇਸੀ ਵਿਦੇਸ਼ੀ ਪੂੰਜੀਪਤੀਆਂ ਤੇ ਲੁਟੇਰੀਆਂ ਕਾਰਪੋਰੇਸ਼ਨਾਂ ਦੀ ਸੇਵਾ ਵਿੱਚ ਲੱਗੀ ਹੋਈ ਹੈ ਜਦਕਿ ਦੇਸ਼ ਦੇ ਕਿਸਾਨਾਂ, ਮਜ਼ਦੂਰਾਂ, ਕਰਮਚਾਰੀਆਂ, ਨੌਜਵਾਨਾਂ, ਔਰਤਾਂ, ਦਲਿਤਾਂ ਅਤੇ ਹੱਕ ਮੰਗਦੇ ਲੋਕਾਂ ਨੂੰ ਅਤੇ ਉਹਨਾਂ ਦੇ ਸੰਘਰਸ਼ਾਂ ਨੂੰ ਬੇਰੁਖੀ ਨਾਲ ਨਜਰ ਅੰਦਾਜ਼ ਕਰ ਰਹੀ ਹੈ ਅਤੇ ਉਨ੍ਹਾਂ ਪ੍ਰਤੀ ਤਾਨਾਸ਼ਾਹੀ ਵਾਲਾ ਰਵੱਈਆ ਅਪਣਾ ਰਹੀ ਹੈ। ਉਨ੍ਹਾਂ ਆਖਿਆ ਕਿ ਪਿਛਲੇ ਲੰਬੇ ਸਮੇਂ ਤੋਂ ਸੰਘਰਸ਼ਸ਼ੀਲ ਕਿਸਾਨਾਂ ਦੇ ਅੰਦੋਲਨ ਨੂੰ ਅਤੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਸਿਹਤ ਨੂੰ ਅਣਡਿੱਠ ਕਰਨਾ ਕੇਂਦਰ ਸਰਕਾਰ ਨੂੰ ਮਹਿੰਗਾ ਪੈ ਸਕਦਾ ਹੈ।



ਉਹਨਾਂ ਆਖਿਆ ਕਿ ਬੇਹਦ ਅਫ਼ਸੋਸ ਦੀ ਗੱਲ ਹੈ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੀ ਇਸ ਮਸਲੇ ਤੇ ਤਮਾਸਬੀਨ ਬਣੀ ਹੋਈ ਹੈ।
ਸਾਥੀ ਅਮਰੀਕ ਸਿੰਘ, ਪ੍ਰਧਾਨ ਨੇ ਆਖਿਆ ਕਿ ਅਸੀਂ ਨਾ ਸਿਰਫ ਅੰਦੋਲਨ ਕਰ ਰਹੇ ਕਿਸਾਨਾਂ ਦੀਆਂ ਮੰਗਾਂ ਅਤੇ ਸੰਘਰਸ਼ ਨਾਲ ਇੱਕਜੁੱਟਤਾ ਪ੍ਰਗਟ ਕਰਦੇ ਹਾਂ ਬਲਕਿ ਕੇਂਦਰ ਅਤੇ ਰਾਜ ਸਰਕਾਰਾਂ ਦੀਆਂ ਚੰਡੀਗੜ੍ਹ ਬਿਜਲੀ ਬੋਰਡ ਅਤੇ ਉੱਤਰ ਪ੍ਰਦੇਸ਼ ਬਿਜਲੀ ਬੋਰਡ ਦੇ ਨਿਜੀਕਰਨ ਦੀ ਨੀਤੀ ਦਾ ਪੁਰਜੋਰ ਵਿਰੋਧ ਵੀ ਕਰਦੇ ਹਾਂ ਅਤੇ ਤਮਾਮ ਸੰਘਰਸ਼ਸ਼ੀਲ ਲੋਕਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜੇ ਹਾਂ। ਉਨ੍ਹਾਂ ਆਖਿਆ ਕਿ ਇੱਕ ਪਾਸੇ ਕੇਂਦਰ ਸਰਕਾਰ ਇਤਹਾਸ ਤੋਂ ਕੋਈ ਸਬਕ ਨਾ ਸਿਖਦੀ ਹੋਈ, ਵਿਕਾਸ ਦੇ ਨਾਮ ਉੱਪਰ ਅੰਨੇਵਾਹ ਦੇਸ਼ ਦੇ ਜਨਤਕ ਖੇਤਰ ਅਤੇ ਵਸੀਲਿਆਂ ਦੇ ਨਿਜੀਕਰਨ ਕਰਨ ਲਈ ਉਤਾਰੂ ਹੈ ਦੂਸਰੇ ਪਾਸੇ ਦੇਸ਼ ਦੇ ਨੌਜਵਾਨ ਬੇਰੁਜ਼ਗਾਰੀ ਤੋਂ ਤੰਗ ਆ ਕੇ ਜਾਂ ਤਾਂ ਨਸ਼ਿਆਂ ਤੇ ਜਰਮ ਦੀ ਦੁਨੀਆ ਵਿੱਚ ਗਰਕ ਹੋ ਰਹੇ ਹਨ ਜਾਂ ਫਿਰ ਵਿਦੇਸ਼ਾਂ ਵਿੱਚ ਜਾ ਕੇ ਰੁਜ਼ਗਾਰ ਲੱਭਣ ਲਈ ਮਜਬੂਰ ਹਨ।
ਸਰਬਜੀਤ ਸਿੰਘ ਅਤੇ ਅਮਰੀਕ ਸਿੰਘ ਨੇ ਕਿਹਾ ਕਿ ਨਿਜੀਕਰਨ, ਉਦਾਰੀਕਰਨ, ਸੰਸਾਰੀਕਰਨ ਦੀਆਂ ਨੀਤੀਆਂ ਦੇ 30-35 ਸਾਲ ਦੇ ਇਤਿਹਾਸ ਨੇ ਸਾਫ ਕਰ ਦਿੱਤਾ ਹੈ ਕਿ ਉਪਰੋਕਤ ਨੀਤੀਆਂ ਦਾ ਮਤਲਬ ਪੈਸੇ ਤੇ ਸੰਸਾਧਨਾਂ ਦਾ ਚੰਦ ਲੋਟੂਆਂ ਦੇ ਹੱਥਾਂ ਵਿੱਚ ਇਕੱਠਾ ਹੋਣਾ ਹੈ ਅਤੇ ਬਹੁ ਗਿਣਤੀ ਲੋਕਾਂ ਲਈ ਮੰਦਹਾਲੀ ਤੇ ਬਰਬਾਦੀ ਹੀ ਹੈ। ਇਸ ਲਈ ਹੁਣ ਦੇਸ਼ ਦੀ ਵੱਡੀ ਲੁਕਾਈ ਕੋਲ ਸੰਘਰਸ਼ਾਂ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਹੈ। ਉਹਨਾਂ ਕਿਸਾਨੀ ਸੰਘਰਸ਼ ਅਤੇ ਸਾਰੇ ਸੰਘਰਸ਼ੀਲ ਲੋਕਾਂ ਨਾਲ ਇੱਕ ਜੁੱਟਤਾ ਪ੍ਰਗਟ ਕਰਦਿਆਂ ਸਾਰੇ ਸਾਥੀਆਂ ਨੂੰ ਅਪੀਲ ਕੀਤੀ ਕਿ ਉਹ ਆਰਸੀਐਫ ਤੇ ਰੇਲਵੇ ਨੂੰ ਬਚਾਉਣ ਲਈ ਭਵਿੱਖ ਵਿਚ ਹੋਣ ਵਾਲੀ ਜਦੋ-ਜਹਿਦ ਲਈ ਤਿਆਰ ਰਹਿਣ ਅਤੇ ਜਿੱਥੇ ਵੀ ਸੰਭਵ ਹੋਵੇ ਸੰਘਰਸ਼ਸ਼ੀਲ ਸਾਥੀਆਂ ਵਿੱਚ ਸ਼ਾਮਿਲ ਹੋ ਕੇ ਉਹਨਾਂ ਦਾ ਹੌਸਲਾ ਵਧਾਉਣ।
ਮੀਟਿੰਗ ਵਿੱਚ ਸ੍ਰੀ ਦਰਸ਼ਨ ਲਾਲ ਵਰਕਿੰਗ ਪ੍ਰੈਜੀਡੈਂਟ, ਹਰਵਿੰਦਰ ਪਾਲ ਕੈਸੀਅਰ, ਅਮਰੀਕ ਸਿੰਘ ਗਿੱਲ ਐਡੀਸ਼ਨਲ ਸੈਕਟਰੀ, ਮਨਜੀਤ ਸਿੰਘ ਬਾਜਵਾ ਜੋਇੰਟ ਸੈਕਟਰੀ, ਬਚਿੱਤਰ ਸਿੰਘ ਮੀਤ ਪ੍ਰਧਾਨ, ਜਗਤਾਰ ਸਿੰਘ, ਬਲਜਿੰਦਰ ਪਾਲ, ਸ਼ਰਨਜੀਤ ਸਿੰਘ, ਤ੍ਰਿਲੋਚਨ ਸਿੰਘ, ਭਾਰਤ ਰਾਜ, ਨਰਿੰਦਰ ਕੁਮਾਰ, ਦਲਬਾਰਾ ਸਿੰਘ, ਜਸਪਾਲ ਸਿੰਘ ਸੇਖੋਂ, ਤਲਵਿੰਦਰ ਸਿੰਘ, ਸੁਖਵਿੰਦਰ ਸਿੰਘ ਸੁੱਖੀ, ਬਾਬੂ ਸਿੰਘ, ਸੰਜੀਵ ਵਰਮਾ, ਸੰਦੀਪ ਸਿੰਘ, ਅਰਵਿੰਦ ਕੁਮਾਰ ਸ਼ਾਹ, ਅਵਤਾਰ ਸਿੰਘ ਆਦਿ ਸਾਰੇ ਵਰਕਿੰਗ ਕਮੇਟੀ ਮੈਂਬਰ ਹਾਜ਼ਰ ਸਨ।

## ਚਰਚ ਆਫ਼ ਅਲਮਾਇਟੀ ਗੌਡ ਤੂਰਾਂ ਵਿਖੇ ਕ੍ਰਿਸਮਿਸ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ



**ਫਿਲੌਰ/ਅੱਪਰਾ (ਦੀਪਾ)**–ਕਰੀਬੀ ਪਿੰਡ ਤੂਰਾਂ ਵਿਖੇ ਸਥਿਤ ਚਰਚ ਆਫ਼ ਅਲਮਾਈਟੀ ਗੌਡ ਵਿਖੇ ਬਿਸ਼ਪ ਗੁਰਨਾਮ ਦਾਸ ਅਤੇ ਪਾਸਟਰ ਹਰਜਿੰਦਰ ਕੁਮਾਰ ਸੋਨੂੰ ਦੀ ਅਗਵਾਈ ਹੇਠ ਕ੍ਰਿਸਮਸ ਦਾ ਤਿਉਹ-ਾਰ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਨਵਤੇਜ ਸਿੰਘ ਪੁੱਤਰ ਐਮ.ਪੀ ਜਲੰਧਰ ਚਰਨਜੀਤ ਸਿੰਘ ਚੰਨੀ, ਪਹਿਲਵਾਨ ਸੁਰਜੀਤ ਸਿੰਘ ਲਾਲੀਆਂ ਮੈਂਬਰ ਜਿਲ੍ਹਾ ਪ੍ਰੀਸ਼ਦ, ਕੇਸ਼ੀ ਕਲੇਰ ਸਰਪੰਚ ਪਿੰਡ ਮੰਡੀ, ਸੰਨੀ ਕਲੇਰ ਪੰਚ, ਮਨੋਜ ਕੁਮਾਰ ਡਿੰਪੀ ਸਾਬਕਾ ਪੰਚ, ਰਵਿੰਦਰ ਕੁਮਾਰ ਕੁੱਕੂ ਸਾਬਕਾ ਸਰਪੰਚ, ਬੂਟਾ ਸਿੰਘ ਆਰਕੀਟੈਕਟ ਜਗਤਪੁਰ, ਪੀ. ਫਿਲਮ ਨਿਰਦੇਸ਼ਕ ਪੀ. ਕੇ ਕਲੇਰ ਮੰਡੀ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਇਸ ਮੌਕੇ ਪ੍ਰਭੂ ਯਿਸੂ ਮਸੀਹ ਦੀ ਪੂਜਾ ਕੀਤੀ ਗਈ। ਉਪਰੰਤ ਪ੍ਰਭੂ ਯਿਸੂ ਮਸੀਹ ਦੇ ਜੀਵਨ ਨਾਲ ਸਬੰਧਤ ਕੋਰੀਓਗ੍ਰਾਫੀਆਂ ਵੀ ਪੇਸ਼ ਕੀਤੀਆਂ ਗਈਆਂ। ਇਸ ਮੌਕੇ ਬਿਸ਼ਪ ਗੁਰਨਾਮ ਦਾਸ ਅਤੇ ਪਾਸਟਰ ਹਰਜਿੰਦਰ ਕੁਮਾਰ ਸੋਨੂੰ ਨੇ ਕਿਹਾ ਕਿ ਸਾਨੂੰ ਪ੍ਰਭੂ ਯਿਸੂ ਮਸੀਹ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਸਮਾਜ ਦੇ ਕਮਜ਼ੋਰ ਲੋਕਾਂ ਲਈ ਕੰਮ ਕਰਨਾ ਚਾਹੀਦਾ ਹੈ। ਇਸ ਮੌਕੇ ਨਵਜੀਤ ਸਿੰਘ ਨੇ ਹਾਜ਼ਰ ਸਮੂਹ ਨੂੰ ਕ੍ਰਿਸਮਿਸ ਦੀ ਵਧਾਈ ਦਿੱਤੀ। ਇਸ ਮੌਕੇ ਤੇ ਵਿਧਵਾ ਔਰਤਾਂ ਨੂੰ ਰਾਸ਼ਨ ਵੀ ਵੰਡਿਆ ਗਿਆ ਅਤੇ ਬੱਚਿਆਂ ਨੂੰ ਫਲ ਅਤੇ ਤੋਹਫੇ ਵੀ ਵੰਡੇ ਗਏ। ਇਸ ਮੌਕੇ ਵੱਡੀ ਗਿਣਤੀ ਵਿਚ ਸੰਗਤਾਂ ਵੀ ਹਾਜ਼ਰ ਸਨ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਏਬੀਸੀ ਮੈਜੀਕਲ ਵਰਲਡ ਪ੍ਰੀ-ਸਕੂਲ, ਬੀ.ਆਰ.ਐਸ. ਵਿਖੇ ਕ੍ਰਿਸਮਸ ਦੇ ਜਸ਼ਨ ਨਗਰ

**ਲੁਧਿਆਣਾ ( ਕਰਨੈਲ ਸਿੰਘ ਐੱਮ.ਏ.)** ਪ੍ਰਭੂ ਮਸੀਹ ਨੇ ਯਕੀਨਨ ਹੀ ਬੀ.ਆਰ.ਐਸ. ਨਗਰ, ਲੁਧਿਆਣਾ ਵਿੱਚ ਸਥਿਤ ਏਬੀਸੀ ਮੈਜੀਕਲ ਵਰਲਡ ਪ੍ਰੀ-ਸਕੂਲ 'ਤੇ ਆਪਣੀਆਂ ਅਸੀਸਾਂ ਦੀ ਵਰਖਾ ਕੀਤੀ। ਸਕੂਲ ਨੇ ਕ੍ਰਿਸਮਿਸ ਦਿਵਸ ਦਾ ਜਸ਼ਨ ਬੜੀ ਧੂਮਧਾਮ ਨਾਲ ਮਨਾਇਆ। ਸਕੂਲ ਦਾ ਸਾਰਾ ਮਾਹੌਲ ਖ਼ੁਸ਼ੀ ਨਾਲ ਭਰ ਗਿਆ। ਖਿੜੇ ਹੋਏ ਬੱਚੇ ਲਾਲ ਅਤੇ ਚਿੱਟੇ ਪਹਿਰਾਵੇ ਵਿੱਚ ਸਜੇ ਹੋਏ ਸਨ। ਮੌਂਟੇਸੋਰੀਅਨਾਂ ਨੇ ਸਾਂਤਾ ਅਤੇ ਪਰੀਆਂ ਦੇ ਰੂਪ ਵਿੱਚ ਕੱਪੜੇ ਪਾਏ ਹੋਏ ਸਨ।

ਸਕੂਲ ਵਿੱਚ "ਪ੍ਰਭੂ ਯਿਸੂ ਮਸੀਹ ਦਾ ਜਨਮ" ਥੀਮ ਦੇ ਨਾਲ ਕ੍ਰਿਸਮਸ ਦਾ ਪੂਰਾ ਅਹਿਸਾਸ ਸੀ, ਇੱਕ ਘਰ ਅਤੇ ਮਾਂ ਮੈਰੀ ਦੇ ਪਹਿਰਾਵੇ ਵਿੱਚ ਇੱਕ ਬੱਚੇ ਨੇ ਬੱਚਿਆਂ 'ਤੇ ਲੰਬੇ ਸਮੇਂ ਤੱਕ ਪ੍ਰਭਾਵ ਪਾਇਆ। ਬਰਫ਼, ਸਲੀਹ ਦੀ ਸਵਾਰੀ ਕਰ ਰਹੇ ਰੇਨਡੀਅਰ, ਬੱਚਿਆਂ ਵਿੱਚ ਮਿਠਾਈਆਂ ਅਤੇ ਤੋਹਫ਼ੇ ਵੰਡਦੇ ਹੋਏ ਭੇਸ ਵਿੱਚ ਸੈਂਟਾ। ਕ੍ਰਿਸਮਸ ਟ੍ਰੀ ਨੂੰ ਘੰਟੀਆਂ ਅਤੇ ਗੁਬਾਰਿਆਂ ਅਤੇ ਕੈਂਡੀਜ਼ ਨਾਲ ਸਜਾਇਆ ਗਿਆ ਸੀ। ਐਲਕੇਜੀ ਕਲਾਸ ਦੇ ਵਿਦਿਆਰਥੀਆਂ ਦੁਆਰਾ ਜਿੰਗਲਜ਼ ਅਤੇ ਕੈਰੋਲ ਗਾਏ ਗਏ ਅਤੇ ਮਸੀਹ ਦੇ ਮਨੁੱਖਤਾ, ਉਦਾਰਤਾ, ਪਿਆਰ ਅਤੇ ਮਾਫੀ ਦੇ ਉਪਦੇਸ਼ ਦੀ ਪਾਲਣਾ ਕਰਨੀ ਸਿਖਾਈ ਗਈ। ਛੋਟੇ ਮੌਂਟੇਸੋਰੀਅਨ ਅਤੇ ਮੌਂਟੇਸੋਰੀਅਨ ਮਾਵਾਂ ਲਈ ਵਿਸ਼ੇਸ਼ ਸੰਤਾ ਰਾਈਡ ਦੇ ਰੂਪ ਵਿੱਚ ਬੱਚਿਆਂ ਲਈ ਇੱਕ



ਵਿਸ਼ੇਸ਼ ਹੈਰਾਨੀ ਸੀ। ਸਕੂਲ ਨੇ ਮੌਂਟੇਸੋਰੀਅਨ ਮਾਵਾਂ ਨਾਲ ਕੱਪ ਕੇਕ ਸਜਾਵਟ ਅਤੇ ਕ੍ਰਿਸਮਸ ਕੇਕ ਕੱਟਣ ਦਾ ਆਯੋਜਨ ਕੀਤਾ ਸੀ। ਸਾਡੇ ਮੌਂਟੇਸੋਰੀਅਨਾਂ ਅਤੇ ਉਨ੍ਹਾਂ ਦੀਆਂ ਮਾਵਾਂ ਲਈ ਇੱਕ ਯਾਦਗਾਰ ਦਿਨ ਬਣਾਉਣ ਲਈ ਡਾਂਸ, ਸੰਗੀਤ ਅਤੇ ਬਹੁਤ ਸਾਰੀਆਂ ਮਜ਼ੇਦਾਰ ਗਤੀਵਿਧੀਆਂ ਸਨ। ਸੈਲਫੀ ਅਤੇ ਫੋਟੋਆਂ ਲੈਣ ਲਈ ਵਿਸ਼ੇਸ਼ ਕ੍ਰਿਸਮਸ ਫੋਟੋ ਬੂਥ ਨੂੰ ਸਜਾਇਆ ਗਿਆ ਸੀ। ਬੱਚਿਆਂ ਨੇ ਪੂਰੇ ਜੋਸ਼ ਅਤੇ ਉਤਸ਼ਾਹ ਨਾਲ ਭਾਗ ਲਿਆ। ਬੱਚਿਆਂ ਨੇ ਖੇਡਾਂ ਖੇਡੀਆਂ ਅਤੇ ਆਕਰਸ਼ਕ ਤੋਹਫ਼ੇ ਜਿੱਤੇ ਅਤੇ ਵੱਖ-ਵੱਖ ਮਸ਼ਹੂਰ ਡਾਂਸਿੰਗ ਨੰਬਰਾਂ 'ਤੇ ਡਾਂਸ ਕੀਤਾ।

ਸਜਾਵਟ ਅਤੇ ਪ੍ਰਬੰਧਾਂ ਨੇ ਕ੍ਰਿਸਮਿਸ ਦਿਵਸ ਦੇ ਤਿਉਹਾਰ ਦੇ ਮੂਡ ਨੂੰ ਜੀਉਂਦਾ ਕੀਤਾ। ਇਹ ਜਸ਼ਨ ਪਿਆਰ, ਏਕਤਾ ਅਤੇ ਸਮਾਨਤਾ ਦੀ ਖ਼ੁਸ਼ੀ ਅਤੇ ਅਧਿਆਤਮਿਕ ਨੋਟ ਨਾਲ ਸਮਾਪਤ ਹੋਇਆ। ਬੱਚਿਆਂ ਨੇ ਮਸੀਹ ਦੇ ਜਨਮ-ਦਿਨ ਦੇ ਕੇਕ ਦਾ ਹਿੱਸਾ ਬਣਾਉਂਦੇ ਹੋਏ ਅਤੇ ਕਈ ਖੇਡਾਂ ਵਿੱਚ ਹਿੱਸਾ ਲੈ ਕੇ ਹੱਸਣ ਅਤੇ ਹੱਸਣ ਦਾ ਬਹੁਤ ਆਨੰਦ ਲਿਆ।

ਇਸ ਮੌਕੇ ਬੋਲਦਿਆਂ ਸਾਡੇ ਡਾਇਰੈਕਟਰ ਸ਼੍ਰੀ ਅਮਨਪ੍ਰੀਤ ਸਿੰਘ ਅਰੋੜਾ ਨੇ ਕਿਹਾ ਕਿ ਕ੍ਰਿਸਮਸ ਦੇਣ ਅਤੇ ਵੰਡਣ, ਪਿਆਰ ਕਰਨ ਅਤੇ ਮਾਫ਼ ਕਰਨ ਦਾ ਸਮਾਂ ਹੈ। ਸਾਰਿਆਂ ਨੂੰ ਕ੍ਰਿਸਮਸ ਦੀਆਂ ਮੁਬਾਰਕਾਂ ਅਤੇ ਇੱਕ ਸਿਹਤਮੰਦ ਨਵੇਂ ਸਾਲ ਲਈ ਸ਼ੁਭਕਾਮਨਾਵਾਂ...

# ਧਾਰਮਿਕ ਆਗੂਆਂ ਅਤੇ ਪ੍ਰਭਾਵਸ਼ਾਲੀ ਲੋਕਾਂ ਦੀ ਮਦਦ ਨਾਲ 100 ਦਿਨੀ ਟੀ-ਬੀ ਮੁਹਿੰਮ 'ਚ ਬਲਾਕ ਮਹਿਤਪੁਰ ਦੀ ਸ਼ਾਨਦਾਰ ਪ੍ਰਦਰਸ਼ਨ

**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** 100 ਦਿਨੀ ਟੀ-ਬੀ ਮੁਹਿੰਮ ਦੇ ਤਹਿਤ ਬਲਾਕ ਮਹਤਪੁਰ ਵੱਲੋਂ ਉਲੱਲੇਖਣੀ ਯਤਨਾਂ ਨਾਲ ਸ਼ਾਨਦਾਰ ਕਾਰਗੁਜ਼ਾਰੀ ਕੀਤੀ ਜਾ ਰਹੀ ਹੈ। ਸਿਵਲ ਸਰਜਨ ਡਾ. ਗੁਰਮੀਤ ਲਾਲ ਦੇ ਆਦੇਸ਼ਾਂ ਅਨੁਸਾਰ, ਸੀਨੀਅਰ ਮੈਡੀਕਲ ਅਫਸਰ ਡਾ. ਮਹੇਸ਼ ਪਰਭਾਕਰ ਦੀ ਰਹਿਨੁਮਾਈ ਹੇਠ ਅਤੇ ਬਲਾਕ ਐਜੂਕੇਟਰ ਹਿਮਾਲਿਆ ਪ੍ਰਕਾਸ਼ ਦੇ ਪ੍ਰਬੰਧਨ ਹੇਠ, ਇਸ ਮੁਹਿੰਮ ਨੂੰ ਬਹੁਤ ਹੀ ਸਫਲਤਾਪੂਰਵਕ ਅੱਗੇ ਵਧਾਇਆ ਜਾ ਰਿਹਾ ਹੈ।

ਇਸ ਮੁਹਿੰਮ ਦੇ ਤਹਿਤ ਹਰੇਕ ਪਿੰਡ ਵਿੱਚ ਗੁਰੂਦੁਆਰਿਆਂ ਦੇ ਧਾਰਮਿਕ ਆਗੂਆਂ ਅਤੇ ਪ੍ਰਭਾਵਸ਼ਾਲੀ ਲੋਕਾਂ ਦੀ ਮਦਦ



ਨਾਲ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ। ਸਿਹਤ ਵਿਭਾਗ ਦੇ ਮੈਂਬਰਾਂ ਜਿਵੇਂ ਕਿ ਡਾ. ਪੰਕਜ, ਡਾ. ਰੁਚਿਕਾ, ਕਮਿਊਨਿਟੀ ਹੈਲਥ ਅਫਸਰ ਸੁਰਿੰਦਰ ਕੌਰ ਅਤੇ ਹੋਰ ਸਟਾਫ ਵੱਲੋਂ ਟੀ-ਬੀ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਟੀ-ਬੀ ਦੀ ਪਛਾਣ ਅਤੇ ਇਲਾਜ ਲਈ ਪਿੰਡ ਪੱਧਰ ਤੇ ਵਿਸ਼ੇਸ਼ ਕੈਂਪ ਲਗਾ ਕੇ ਲੋਕਾਂ ਨੂੰ ਮੁਫ਼ਤ ਸੁਵਿਧਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਇਹ ਜਥੇਬੰਦੀਕ ਯਤਨ ਸਮਾਜ ਵਿੱਚ ਟੀ-ਬੀ ਮੁਕਤ ਪੰਜਾਬ ਦੇ ਸੁਪਨੇ ਨੂੰ ਹਕੀਕਤ ਵਿੱਚ ਬਦਲਣ ਵੱਲ ਇੱਕ ਮਹੱਤਵਪੂਰਣ ਕਦਮ ਹੈ। ਸਿਹਤ ਵਿਭਾਗ ਦੀ ਮਿਹਨਤ ਅਤੇ ਜਨਤਾ ਦੀ ਸਹਿਭਾਗਿਤਾ ਨਾਲ ਇਹ ਮੁਹਿੰਮ ਤੇਜ਼ੀ ਨਾਲ ਆਪਣੇ ਮਕਸਦ ਵੱਲ ਅੱਗੇ ਵਧ ਰਹੀ ਹੈ।

# ਗਿਆਨੀ ਹਰਪ੍ਰੀਤ ਸਿੰਘ ਤੇ ਡੇਰਾ ਮੁਖੀ ਦੀ ਮੁਲਾਕਾਤ ਦੇ ਕੀ ਮਾਇਨੇ ਕੱਢੇ ਜਾਣ

## ਸਿੱਖ ਸਿਧਾਂਤਾਂ ਤੋਂ ਬਿਲਕੁਲ ਉਲਟ ਹੈ ਇਹ ਮੁਲਾਕਾਤ

**ਬਲਬੀਰ ਸਿੰਘ ਬੱਬੀ**

ਅੱਜ ਜਦੋਂ ਬਠਿੰਡਾ ਤੋਂ ਇਹ ਖਬਰ ਆਈ ਕਿ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੇ ਡੇਰਾ ਰਾਧਾ ਸੁਆਮੀ ਦੇ ਮੁਖੀ ਗੁਰਿੰਦਰ ਢਿੱਲੋ ਦੀ ਇੱਕ ਮੁਲਾਕਾਤ ਅਚਾਨਕ ਹੋਈ ਤੇ ਇਹ ਮੁਲਾਕਾਤ ਇੱਕ ਘੰਟਾ ਚਲੀ ਇਸ ਮੁਲਾਕ-ਾਤ ਦੇ ਵਿੱਚ ਬੇਸ਼ੱਕ ਹੋਰ ਵਿਅਕਤੀ ਵੀ ਸ਼ਾਮਿਲ ਸਨ ਪਰ ਅਕਾਲੀ ਆਗੂ ਸੁਰਜੀਤ ਸਿੰਘ ਰੱਖੜਾ ਇਸ ਮੁਲਾਕਾਤ ਵਿੱਚ ਵਿਸ਼ੇਸ਼ ਤੌਰ ਤੇ ਸ਼ਾਮਿਲ ਦੱਸੇ ਜਾ ਰਹੇ ਹਨ ਜੇਕਰ ਪਿੱਛੇ ਨਿਗ੍ਹਾ ਮਾਰ ਕੇ ਦੇਖੀਏ ਤਾਂ ਅੱਜ ਤੱਕ ਕਿਸੇ ਵੀ ਜਥੇਦਾਰ ਦੀ ਇਸ ਤਰਾਂ ਖੁੱਲਮ ਖੁੱਲ੍ਹੀ ਮੀਟਿੰਗ ਕਿਸੇ ਵੀ ਡੇਰਾ ਮੁਖੀ ਦੇ ਨਾਲ ਕਦੇ ਨਹੀਂ ਹੋਈ ਪਰ ਡੇਰਾ ਮੁਖੀ ਤੇ ਗਿਆਨੀ ਹਰਪ੍ਰੀਤ ਸਿੰਘ ਦੀ ਇਸ ਮੁਲਾਕਾਤ ਨੇ ਨਵੀਂ ਚਰਚਾ ਛੇੜ ਦਿੱਤੀ ਹੈ ਹੈ ਤੇ ਇਸ ਦੇ ਮਾਇਨੇ ਵੀ ਕੀ ਕੱਢੇ ਜਾਣ, ਕੋਈ ਕਹਿ ਰਿਹਾ ਹੈ ਕਿ ਜਿਸ ਤਰ੍ਹਾਂ ਗਿਆਨੀ ਹਰਪ੍ਰੀਤ ਸਿੰਘ ਦੇ ਨਾਲ ਬਾਦਲ ਦਲ ਤੇ ਸ਼੍ਰੋਮਣੀ ਕਮੇਟੀ ਨੇ ਸਲੂਕ ਕੀਤਾ ਹੈ ਉਸ ਦੇ ਸੰਬੰਧ ਵਿੱਚ ਇਹ ਮੁਲ-ਾਕਾਤ ਵੀ ਇੱਕ ਧਮਾਕਾ ਕਰੇਗੀ ਜੋ ਘਟਨਾ ਇਸ ਵੇਲੇ ਚੱਲ ਰਿਹਾ ਹੈ ਉਸ ਵਿੱਚ ਬਾਦਲ ਦਲ ਦੇ ਆਗੂਆਂ ਵੱਲੋਂ ਗਿਆਨੀ ਹਰਪ੍ਰੀਤ ਸਿੰਘ ਦੇ ਉੱਪਰ ਨਵੇਂ ਤੋਂ ਨਵੇਂ ਇਲਜ਼ਾਮ





ਲਾਏ ਜਾ ਰਹੇ ਹਨ ਇਸ ਮਾਮਲੇ ਵਿੱਚ ਬੜਬੋਲੇ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਜੋ ਕੁਝ ਕਰ ਰਿਹਾ ਹੈ ਉਹ ਸਭ ਨੂੰ ਪਤਾ ਹੀ ਹੈ ਬੇਸ਼ੱਕ ਕਨਸੋਆਂ ਤਾਂ ਪਹਿਲਾਂ ਮਿਲ ਰਹੀਆਂ ਸਨ ਕਿ ਗਿਆਨੀ ਹਰਪ੍ਰੀਤ ਸਿੰਘ ਦੀ ਜਥੇਦਾਰੀ ਤੋਂ ਛੁੱਟੀ ਲਗਭਗ ਤਹਿ ਹੀ ਹੈ ਪਰ ਅੱਜ ਜੋ ਮੁਲਾਕਾਤ ਡੇਰਾ ਮੁਖੀ ਦੇ ਨਾਲ ਗਿਆਨੀ ਹਰਪ੍ਰੀਤ ਸਿੰਘ ਦੀ ਹੋਈ ਹੈ ਉਸ ਤੋਂ ਬਾਅਦ ਇਹ ਪੱਕੀ ਮੋਹਰ ਲੱਗਦੀ ਜਾਪਦੀ ਹੈ। ਸਿੱਖ ਸਿਧਾਂਤਾਂ ਅਨੁਸਾਰ ਇਸ ਮੁਲਾਕਾਤ ਨੂੰ ਦੇਖਿਆ ਜਾਵੇ ਤਾਂ ਇਹ ਬਿਲਕੁਲ ਹੀ ਗਲਤ ਹੈ ਕਿਉਂਕਿ ਅੰਮ੍ਰਿਤ ਛਕਾਉਣ ਵੇਲੇ ਇਹ ਕਿਹਾ ਜਾਂਦਾ ਹੈ ਕਿ ਅੱਜ ਤੋਂ ਵੱਧ ਤੁਸੀਂ ਗੁਰੂ ਦੇ ਸਿੱਖ ਹੋ ਕਿਸੇ ਨੇ ਵੀ ਕਿਸੇ ਡੇਰਾ ਮੁਖੀ ਜਾਂ ਦੇਹਧਾਰੀ ਗੁਰੂ ਡੰਮ ਦੇ ਨਾਲ ਕੋਈ ਸੰਬੰਧ ਨਹੀਂ ਰੱਖਣਾ ਪਰ ਜਦੋਂ ਇੱਕ ਉੱਚ ਪਦਵੀ ਉੱਤੇ ਬੈਠਾ ਜਥੇਦਾਰ ਖੁਦ ਹੀ ਇੱਕ ਦੇਹਧਾਰੀ ਡੇਰਾ ਮੁਖੀ ਦੇ ਨਾਲ ਗੱਲਬਾਤ ਕਰ ਰਿਹਾ ਹੋਵੇ ਤਾਂ ਫਿਰ ਇੱਥੇ ਧਾਰਮਿਕ ਤੌਰ ਉੱਤੇ ਇਹ ਸਵਾਲ ਉੱਠਣੇ ਲਾਜ਼ਮੀ ਹਨ। ਸੁਰਜੀਤ ਸਿੰਘ ਰੱਖੜਾ ਹੋਰਾਂ ਨੇ ਕਿਹਾ ਹੈ ਕਿ ਇਹ ਇੱਕ ਆਮ ਹੀ ਮੀਟਿੰਗ ਸੀ ਕੋਈ ਅਜਿਹੀ ਗੱਲਬਾਤ ਨਹੀਂ ਪਰ ਅੱਜ ਤੱਕ ਇਸ ਤਰ੍ਹਾਂ ਕਿਸੇ ਜਥੇਦਾਰ ਦੀ ਕਿਸੇ ਵੀ ਦੇਹਧਾਰੀ ਗੁਰੂ ਜੋ ਆਪਣਾ ਡੇਰਾ ਚਲਾ ਰਿਹਾ ਹੋਵੇ ਉਸ ਨਾਲ ਕਦੇ ਕਿਸੇ ਧਾਰਮਿਕ ਜਥੇਦਾਰ ਜਾਂ ਸ਼ਖਸ਼ੀਅਤ ਦੀ ਮੀਟਿੰਗ ਨਾ ਹੋਈ ਇਸ ਲਈ ਧਾਰਮਿਕ ਤੌਰ ਉੱਤੇ ਵੀ ਲੋਕ ਅਚੰਭੇ ਵਿੱਚ ਹਨ ਹੁਣ ਤੱਕ ਗਿਆਨੀ ਹਰਪ੍ਰੀਤ ਸਿੰਘ ਦੀ ਸਫਾਈ ਵੀ ਕੋਈ ਸਾਹਮਣੇ ਨਹੀਂ ਆਈ। ਅੱਗੇ ਦੇਖੋ ਇਸ ਮਾਮਲੇ ਵਿੱਚ ਕੋਈ ਨਵਾਂ ਧਮਾਕਾ ਹੁੰਦਾ ਹੈ ਜਾਂ ਕੁਝ ਹੋਰ...!

# ਲਲਤੋਂ ਕਲਾਂ ਵਿਖੇ 26ਵਾਂ ਹਰੀ ਸਿੰਘ ਦਿਲਬਰ ਯਾਦਗਾਰੀ ਸਮਾਗਮ ਸ਼ਾਨਦਾਰ ਰਿਹਾ

## ● ਨੌਜਵਾਨ ਲਿਆ ਸਕਦੇ ਹਨ ਕ੍ਰਾਂਤੀ-ਡਾਕਟਰ ਨਿਰਮਲ ਜੌੜਾ ● ਸੰਵਾਦ ਸਾਡੀ ਮਜ਼ਬੂਤ ਪਰੰਪਰਾ-ਡਾਕਟਰ ਪੰਧੇਰ

**ਲੁਧਿਆਣਾ( ਕਰਨੈਲ ਸਿੰਘ ਐੱਮ.ਏ.)** ਪੰਜਾਬੀ ਸਾਹਿਤ ਦੀ ਝੋਲ਼ੀ 31 ਕਿਤਾਬਾਂ ਪਾਉਣ ਵਾਲ਼ੇ ਦਰਵੇਸ਼ ਲੇਖਕ ਹਰੀ ਸਿੰਘ ਦਿਲਬਰ ਜੀ ਦੀ ਯਾਦ ਵਿੱਚ ਲਲਤੋਂ ਕਲਾਂ ਵਿਖੇ ਹੋਇਆ ਸਾਹਿਤਕ ਸਮਾਗਮ ਯਾਦਗਾਰੀ ਹੋ ਨਿੱਬੜਿਆ। ਦਿਲਬਰ ਯਾਦਗਾਰੀ ਸਾਹਿਤ ਕਲਾ ਮੰਚ, (ਰਜਿ:) ਲਲਤੋਂ ਕਲਾਂ ਵੱਲੋਂ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਸਹਿਯੋਗ ਨਾ਼ਲ ਕਰਵਾਏ ਇਸ ਸਮਾਗਮ ਵਿੱਚ ਅਕੈਡਮੀ ਦੇ ਜਨਰਲ ਸਕੱਤਰ ਡਾਕਟਰ ਗੁਲਜ਼ਾਰ ਸਿੰਘ ਪੰਧੇਰ ਨੇ ਬੋਲਦਿਆਂ ਕਿਹਾ ਕਿ ਸਾਨੂੰ ਸੰਵਾਦ ਕਰਨਾ ਚਾਹੀਦਾ ਹੈ। ਇਹ ਸਾਡੀ ਪਰੰਪਰਾ ਹੈ। ਅਕੈਡਮੀ ਪਿੰਡਾਂ ਵਿੱਚ ਅਜਿਹੇ ਸਾਹਿਤਕ ਸਮਾਗਮ ਕਰਵਾਉਣ ਜਾ ਰਹੀ ਹੈ ਜਿਸਦੀ ਸ਼ੁਰੂਆਤ ਲਲਤੋਂ ਤੋਂ ਹੋਵੇਗੀ। ਉਹਨਾਂ ਕਿਹਾ ਕਿ ਹਰੀ ਸਿੰਘ ਦਿਲਬਰ ਦੀਆਂ ਪੁਸਤਕਾਂ ਦੁਬਾਰਾ ਛਪਾਉਣ ਦੀ ਲੋੜ ਹੈ ਜੇਕਰ ਅੱਧਾ ਖਰਚ ਨਗਰ ਨਿਵਾਸੀ ਕਰਨ ਤਾਂ ਅੱਧਾ ਖਰਚ ਅਕੈਡਮੀ ਕਰੇਗੀ। ਡਾਕਟਰ ਨਿਰਮਲ ਸਿੰਘ ਜੌੜਾ ਡਾਇਰੈਕਟਰ ਵਿਦਿਆਰਥੀ ਭਲਾਈ ਵਿਭਾਗ ਪੀ.ਏ.ਯੂ, ਲੁਧਿਆਣਾ ਨੇ ਨੌਜਵਾਨਾਂ ਨੂੰ ਦਰਪੇਸ਼ ਸਮੱਸਿਆਵਾਂ ਅਤੇ ਸਮਾਧਾਨ ਵਿਸ਼ੇ ਤੇ ਮੁੱਖ ਭਾਸ਼ਣ ਪੇਸ਼ ਕਰਦਿਆਂ ਕਿਹਾ ਕਿ ਸਮਾਜ ਵਿੱਚ ਜਿੰਨੀਆਂ ਵੀ ਤਬਦੀਲੀਆਂ ਹੋਈਆਂ ਜਵਾਨੀ ਵਿੱਚ ਹੋਈਆਂ। ਅਜੋਕੇ ਦੌਰ ਵਿੱਚ ਮੋਬਾਈਲ ਨੇ ਬੱਚਿਆਂ ਨੂੰ ਮਾਪਿਆਂ ਤੋਂ ਦੂਰ ਕਰ ਦਿੱਤਾ ਜਿਸ ਕਰਕੇ ਰਿਸ਼ਤਿਆਂ ਦੀ ਟੁੱਟ ਭੱਜ ਵਧੀ ਹੈ। ਜ਼ਿੰਦਗੀ ਜਿਓਣ ਦੀਆਂ ਖ਼ੂਬਸੂਰਤ ਉਦਾਹਰਨਾਂ ਦਿੰਦਿਆਂ ਉਹਨਾਂ ਕਿਹਾ ਕਿ ਖੁਦਕਸ਼ੀ ਦੇ ਰਾਹ ਤੇ ਜਾਂਦੇ



ਬੰਦੇ ਨੂੰ ਜਦੋਂ ਉਸ ਦੀ ਪਤਨੀ ਦੇ ਹੌਂਸਲਾ ਅਫ਼ਜ਼ਾਈ ਵਾ਼ਲੇ ਬੋਲ ਸੁਣੇ ਤਾਂ ਉਸ ਨੇ ਰੱਸੇ ਦੀ ਪੀਂਘ ਬਣਾਉਣ ਦਾ ਫੈਸਲਾ ਕਰ ਲਿਆ। ਹਰੀ ਸਿੰਘ ਦਿਲਬਰ ਦੀਆਂ ਲਿਖਤਾਂ ਨੌਜਵਾਨਾਂ ਨੂੰ ਸਹੀ ਮਾਰਗ ਤੇ ਤੋਰਨ ਲਈ ਲਾਹੇਵੰਦ ਹਨ। ਸਕੂਲੀ ਬੱਚਿਆਂ ਸਹਿਜ, ਪ੍ਰਭਜੋਤ ਸਿੰਘ, ਮਹਿਰੀਨ ਕੌਰ, ਅਮਨਦੀਪ ਕੌਰ, ਸਨਪ੍ਰੀਤ ਕੌਰ ਦੀਆਂ ਪੇਸ਼ਕਾਰੀਆਂ ਨੇ ਚੰਗਾ ਰੰਗ ਬੰਨ੍ਹਿਆ। ਪ੍ਰਿੰਸੀਪਲ ਸੁਖਦੇਵ ਸਿੰਘ (ਸ਼ਾਗਿਰਦ ਹਰੀ ਸਿੰਘ ਦਿਲਬਰ), ਉਹਨਾਂ ਦੀ ਬੇਟੀ ਸੁਖਜੀਤ ਕੌਰ ਨਿੱਪੀ, ਭਰਾ ਦਰਸ਼ਨ ਸਿੰਘ ਰਿਸ਼ੀਕੇਸ਼ ਨੇ ਦਿਲਬਰ ਸਾਹਿਬ ਦੀ ਪੰਜਾਬੀ ਬੋਲੀ ਨੂੰ ਦੇਣ ਬਾਰੇ ਚਰਚਾ ਕਰਦਿਆਂ ਮਾਹੌਲ ਭਾਵੁਕ ਕਰ ਦਿੱਤਾ। ਇਸ ਮੌਕੇ ਸ਼੍ਰੀਮਤੀ ਦਲਵੀਰ ਕੌਰ ਸੁਪਤਨੀ ਸਵਰਗਵਾਸੀ ਜਸਵੰਤ ਸਿੰਘ ਜੱਥੇਦਾਰ ਪਰਿਵਾਰ ਦਾ ਸਨਮਾਨ ਕੀਤਾ ਗਿਆ। ਵਿਸ਼ਾਲ ਕਵੀ ਦਰਬਾਰ ਦੀ ਸ਼ੁਰੂਆਤ ਨਗਿੰਦਰ ਸਿੰਘ ਲਲਤੋਂ ਦੁਆਰਾ ਹਰੀ ਸਿੰਘ ਦਿਲਬਰ ਦੇ ਨਾਟਕੀ ਪਾਤਰਾਂ ਬਾਰੇ ਲਿਖੀ ਰਚਨਾ ਨਾ਼ਲ ਹੋਈ। ਇਸ ਦੌਰਾਨ ਡਾਕਟਰ ਗੁਰਇਕਬਾਲ ਸਿੰਘ, ਡਾ.ਗੁਰਚਰਨ ਕੌਰ ਕੋਚਰ, ਡਾਕਟਰ ਪਰਮਜੀਤ ਸਿੰਘ ਸੋਹਲ, ਭਗਵਾਨ ਢਿੱਲੋਂ, ਜਸਦੇਵ ਲਲਤੋਂ, ਤ੍ਰੈਲੋਚਨ ਲੋਚੀ, ਮਨਦੀਪ ਕੌਰ ਭੰਮਰਾ, ਦਰਸ਼ਨ ਬੋਪ-ਾਰਾਏ, ਸੁਰਜੀਤ ਸਿੰਘ ਲਾਂਬੜਾਂ, ਅਮਰਜੀਤ ਸ਼ੇਰਪੁਰੀ, ਹਰਵਿੰਦਰ ਸਿੰਘ ਥਰੀਕੇ, ਸਤਵਿੰਦਰ ਸਿੰਘ ਥਰੀਕੇ, ਪਰਮਿੰਦਰ ਅਲਬੇਲਾ, ਰਣਜੀਤ ਕਮਾਲਪੁਰੀ, ਨਵਪ੍ਰੀਤ ਹੈਰੀ, ਇੰਦਰਜੀਤ ਲੋਟੇ, ਬਲਜੀਤ ਮਾਹਲਾ, ਗੁਰਮੀਤ ਸਿੰਘ ਘਣਗਸ, ਬਲਵਿੰਦਰ ਮੋਹੀ ਅਤੇ ਜੋਰਾਵਰ ਸਿੰਘ ਪੰਛੀ ਨੇ ਖ਼ੂਬਸੂਰਤ ਰਚਨਾਵਾਂ ਦੀ ਪੇਸ਼ਕਾਰੀ ਕਰਕੇ ਸਮਾਗਮ ਨੂੰ ਸਿਖਰ ਤੇ ਪਹੁੰਚਾਇਆ। ਮੰਚ ਸੰਚਾਲਨ ਦਾ ਕਾਰਜ ਮਾਸਟਰ ਕਰਮਜੀਤ ਸਿੰਘ ਗਰੇਵਾਲ (ਨੈਸ਼ਨਲ ਐਵਾਰਡੀ) ਨੇ ਬਾਖ਼ੂਬੀ ਨਿਭਾਇਆ। ਇਹ ਪ੍ਰੋਗਰਾਮ ਏਸ਼ੀਅਨ ਪੈਸਫਿਕ ਚੈਨਲ ਤੇ ਸੁਖਮਨ ਗਰੇਵਾਲ ਵੱਲੋਂ ਟੈਲੀਕਾਸਟ ਹੋਵੇਗਾ। ਇਸ ਮੌਕੇ ਮਾਸਟਰ ਤਰਸੇਮ ਲਾਲ, ਹਰਪਾਲ ਸਿੰਘ ਮਾਂਗਟ, ਮਾਸਟਰ ਮਨਜੀਤ ਸਿੰਘ, ਤਰਲੋਚਨ ਝਾਂਡੇ, ਮਨਚੈਨ ਸਿੰਘ, ਉਜਾਗਰ ਲਲਤੋਂ, ਹਰਭਜਨ ਸਿੰਘ ਬਿੱਲੂ, ਹਰਮੇਲ ਸਿੰਘ ਗਿੱਲ, ਐਸ.ਪੀ ਸਿੰਘ, ਚਮਕੌਰ ਸਿੰਘ ਬਰਮੀ, ਸੁਖਦੇਵ ਸਿੰਘ ਲਲਤੋਂ, ਮਨਜੀਤ ਸਿੰਘ ਮਨਸੂਰਾਂ, ਰਵਿੰਦਰ ਰਵੀ ਸ਼ਾਇਰ ਤੇ ਫੋਟੋਗਰਾਫਰ, ਉਜਾਗਰ ਸਿੰਘ ਬੱਦੋਵਾਲ, ਅਮਰਜੀਤ ਸਿੰਘ ਸਹਿਜਾਦ, ਮਲਕੀਤ ਸਿੰਘ ਬੱਦੋਵਾਲ, ਸੁਖਵਿੰਦਰ ਸਿੰਘ ਲੀਲ, ਕਸਤੂਰੀ ਲਾਲ ਅਤੇ ਮੰਚ ਦੇ ਪ੍ਰਬੰਧਕਾਂ ਨੇ ਆਏ ਸਾਹਿਤਕਾਰਾਂ ਤੇ ਸਰੋਤਿਆਂ ਦਾ ਧੰਨਵਾਦ ਕੀਤਾ ।

# ਲੇਖਕ ਅਮਨਦੀਪ ਧਾਲੀਵਾਲ ਦੀ ਤੀਜੀ ਕਿਤਾਬ,"ਪੈ਼ਗਾਮ ਮੁਹੱਬਤ ਦੇ," ਲੋਕ ਅਰਪਣ




**ਲੇਖਕ ਅਮਨਦੀਪ ਧਾਲੀਵਾਲ ਦੀ ਕਿਤਾਬ "ਪੈ਼ਗਾਮ ਮੁਹੱਬਤ ਦੇ" ਰਿਲੀਜ਼ ਕਰਦੇ ਹੋਏ ਪਤਵੰਤੇ।**
**ਤਸਵੀਰ:- ਸੁਖਜਿੰਦਰ ਸਿੰਘ ਢੱਡੇ**

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)-** ਪਿਛਲੇ ਦਿਨੀ ਰੇਡੀਓ ਪੰਜ ਕਵੈਂਟਰੀ (ਯੂ.ਕੇ) ਵਿਖੇ ਸ਼ਾਇਰ ਅਮਨਦੀਪ ਧਾਲੀਵਾਲ ਦੀ ਤੀਜੀ ਪੁਸਤਕ ‘ਪੈ਼ਗਾਮ ਮੁਹੱਬਤ ਦੇ’ ਲੋਕ ਅਰਪਣ ਕੀਤੀ ਗਈ । ਸਾਰੇ ਪ੍ਰੋਗਰਾਮ ਦਾ ਪ੍ਰਬੰਧ ਰੇਡੀਓ ਪੰਜ ਦੇ ਮੁਖੀ ਸ਼ਿੰਦਾ ਸੁਰੀਲਾ ਅਤੇ ਜਰਨੈਲ ਪਾਸਲਾ ਵੱਲੋਂ ਕੀਤਾ ਗਿਆ । ਇਸ ਪ੍ਰੋਗਰਾਮ ਵਿੱਚ ਨਾਮਵਰ ਲੇਖਕ ਸੰਤੋਖ ਹੇਅਰ,ਕੁਲਵੰਤ ਸਿੰਘ ਢੇਸੀ ,ਸੁਰਿੰਦਰਪਾਲ ਸਿੰਘ , ਰਵਿੰਦਰ ਕੁੰਦਰਾ ਨੇ ਹਾਜ਼ਰੀ ਲਗਵਾਈ ।ਮਨਰਾਜ ਭੌਰਾ,ਵਰੁਣ ਸ਼ਰਮਾ,ਰਜਿੰਦਰ ਸਿੰਘ ਮਾਨ ਤੇ ਸੀਰਤ ਧਾਲੀਵਾਲ ਵੀ ਸ਼ਾਮਿਲ ਹੋਏ ।ਪੰਜਾਬੀ ਸਾਹਿਤ ਦੇ ਲਈ ਇਸ ਸ਼ਲਾਘਾਯੋਗ ਕਦਮ ਤੇ ਸਭ ਨੇ ਅਮਨਦੀਪ ਨੂੰ ਵਧਾਈ ਦਿੱਤੀ ।

# ਪੁਲਿਸ ਚੌਂਕੀ ਅੱਪਰਾ ਦੇ ਇੰਚਾਰਜ ਸਬ ਇਸਪੈਕਟਰ ਨਿਰਮਲ ਸਿੰਘ ਨੂੰ ਕੀਤਾ ਸਨਮਾਨਿਤ



**ਫਿਲੌਰ/ਅੱਪਰਾ (ਦੀਪਾ)-** ਸਥਾਨਕ ਪੁਲਿਸ ਚੌਂਕੀ ਅੱਪਰਾ ਦੇ ਇੰਚਾਰਜ ਸਬ ਇਸਪੈਕਟਰ ਨਿਰਮਲ ਸਿੰਘ ਤੇ ਏ. ਐੱਸ. ਆਈ ਰਵਿੰਦਰ ਭਾਰਦਵਾਜ ਨੂੰ ਇਲਾਕੇ ਦੇ ਮੋਹਤਬਰਾਂ ਵਲੋਂ ਗੁਲਦਸਤਾ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ । ਇਸ ਮੌਕੇ ਵਿੱਕੀ ਢੀਂਡਸਾ ਮੋਂਰੋਂ, ਵਿਨੋਦ ਭਾਰਦਵਾਜ ਮੋਂਰੋਂ, ਬੂਟਾ ਸਿੰਘ ਨੰਬਰਦਾਰ, ਗੁਰਮੁਖ ਸਿੰਘ ਢੀਂਡਸਾ, ਰਵਿੰਦਰ ਕੁੱਕੂ ਸਾਬਕਾ ਸਰਪੰਚ ਮੰਡੀ, ਮਨਵੀਰ ਸਿੰਘ ਢਿੱਲੋਂ, ਪਰਮਜੀਤ ਸਿੰਘ ਢਿੱਲੋਂ ਤੇ ਹੋਰ ਮੋਹਤਬਰ ਹਾਜ਼ਰ ਸਨ । ਇਸ ਮੌਕੇ ਉਨਾਂ ਬੋਲਦਿਆਂ ਕਿਹਾ ਕਿ ਡੀ. ਐੱਸ. ਪੀ ਫਿਲੌਰ ਸ. ਸਰਵਣ ਸਿੰਘ ਬੱਲ ਤੇ ਐੱਸ. ਐੱਚ. ਓ ਫਿਲੌਰ ਇੰਸਪੈਕਟਰ ਸੰਜੀਵ ਕਪੂਰ ਦੀ ਗਤੀਸ਼ੀਲ ਅਗਵਾਈ ਹੇਠ ਇਲਾਕੇ ਦੇ ਨਸ਼ਾ ਤਸਕਰਾਂ ਨੂੰ ਠੱਲ ਪਾਈ ਜਾ ਰਹੀ ਹੈ ਤੇ ਨਸ਼ਾ ਤਸਕਰ ਜਾਂ ਤਾਂ ਸਲਾਖਾਂ ਦੇ ਪਿੱਛੇ ਹਨ ਜਾਂ ਫਿਰ ਰੂਪੋਸ਼ ਹੋ ਗਏ ਹਨ । ਉਨਾਂ ਅੱਗੇ ਕਿਹਾ ਕਿ ਜੇਕਰ ਇਹ ਮੁਹਿੰਮ ਇਸੇ ਤਰਾਂ ਹੀ ਚੱਲਦੀ ਰਹੀ ਤਾਂ ਨਸ਼ਾ ਤਸਕਰਾਂ ਦਾ ਲੱਕ ਟੁੱਟ ਜਾਵੇਗਾ ।

# ਫਿਲਮੀ ਗਾਇਕ ਮੁਹੰਮਦ ਰਫੀ ਦਾ 100 ਵਾਂ ਜਨਮ ਦਿਨ ਫਾਈਨ ਡਾਇਨਿੰਗ ਹੋਟਲ ਵਿੱਚ ਮਨਾਇਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਅੱਜ ਇੱਥੇ ਮੁਹੰਮਦ ਰਫ਼ੀ ਦੇ 100ਵੇਂ ਜਨਮਦਿਨ ਦੇ ਮੌਕੇ ਤੇ ਇੱਕ ਪ੍ਰਭਾਵਸ਼ਾਲੀ ਪ੍ਰੋਗਰਾਮ ਸਥਾਨਿਕ ਫਾਈਨ ਡਾਈਨਿੰਗ ਹੋਟਲ ਵਿਖੇ ਡਾ. ਹਰਜਿੰਦਰ ਸਿੰਘ ਓਬਰਾਏ ਅਤੇ ਐਲੀ ਅਸ਼ੋਕ ਪੁਰੀ ਦੇ ਯਤਨਾਂ ਨਾਲ ਕਰਵਾਇਆ ਗਿਆ। ਇਸ ਮੌਕੇ ਤੇ ਪਲੇਅਬੇਕ ਸਿੰਗਰ ਕੁਮਾਰ ਵਿਨੋਦ ਅਤੇ ਨਿਰਦੇਸ਼ਕ ਅਸ਼ੋਕ ਖੁਰਾਨਾ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਇਸ ਪ੍ਰੋਗਰਾਮ ਦੇ ਪ੍ਰੋਜੈਕਟ ਚੇਅਰਮੈਨ ਡਿਸਟ੍ਰਿਕ ਗਵਰਨਰ ਐਲੀ ਰਮੇਸ਼ ਕੁਮਾਰ ਅਤੇ ਪਾਸਟ ਡਿਸਟ੍ਰਿਕ ਗਵਰਨਰ ਐਲੀ ਪੁਸ਼ਪਿੰਦਰ ਸ਼ਰਮਾ ਸਨ। ਸੰਗੀਤਕ ਜਗਤ ਦੇ ਸਿਤਾਰੇ ਮੁਹੰਮਦ ਰਫ਼ੀ ਨੂੰ ਯਾਦ ਕਰਦੇ ਹੋਏ ਨਿਰਦੇਸ਼ਕ ਅਸ਼ੋਕ ਖੁਰਾਨਾ ਨੇ ਕਿਹਾ ਕੀ ਉਨ੍ਹਾਂ ਨੇ ਪੰਜਾਬ ਅਤੇ ਪੰਜਾਬਿਅਤ ਦਾ ਨਾਂ ਪੂਰੀ ਦੁਨੀਆਂ ਵਿੱਚ ਰੌਸ਼ਨ ਕਰ ਦਿੱਤਾ। ਇਸ



ਮੌਕੇ ਤੇ ਡਾ. ਹਰਜਿੰਦਰ ਸਿੰਘ ਓਬਰਾਏ ਨੇ ਦੱਸਿਆ ਕਿ ਸਾਹਿਬਜ਼ਾਦਿਆਂ ਦੇ ਸ਼ਹੀਦੀ ਸਪਤਾਹ ਨੂੰ ਮੁੱਖ ਰੱਖਦੇ ਹੋਏ ਮੁਹੰਮਦ ਰਫ਼ੀ ਨੂੰ ਪਿਆਰ ਕਰਨ ਵਾਲੇ ਗਰੁੱਪ ਵੱਲੋਂ ਇਹ ਮਹਿਸੂਸ ਕੀਤਾ ਗਿਆ ਕਿ ਉਨ੍ਹਾਂ ਦੀ ਯਾਦ ਵਿੱਚ ਇੱਕ ਸੰਗੀਤਕ ਸ਼ਾਮ ਦਾ ਆਯੋਜਨ 19 ਜਨਵਰੀ 2025 ਨੂੰ ਕੀਤਾ ਜਾਵੇਗਾ। ਅੱਜ ਦੇ ਪ੍ਰੋਗਰਾਮ ਵਿੱਚ ਪਿੱਠਵਰਤੀ ਗਾਇਕ ਕੁਮਾਰ ਵਿਨੋਦ ਨੇ ''ਮੁਹੰਮਦ ਰਫ਼ੀ ਤੂੰ ਬਹੁਤ ਯਾਦ ਆਇਆ'' ਨਾਲ ਆਪਣੀ ਹਾਜ਼ਰੀ ਲਗਵਾਈ। ਅਲਾਈਂਸ ਕਲੱਬ ਇੰਟਰਨੈਸ਼ਨਲ ਡਿਸਟ੍ਰਿਕ 119 ਵੱਲੋਂ ਕੀਤੇ ਗਏ ਇਸ ਪ੍ਰੋਗਰਾਮ ਵਿੱਚ ਡਾ. ਹਰਜਿੰਦਰ ਸਿੰਘ ਓਬਰਾਏ, ਕੁਮਾਰ ਵਿਨੋਦ, ਅਸ਼ੋਕ ਖੁਰਾਨਾ ਅਤੇ ਅਸ਼ੋਕ ਪੁਰੀ ਨੂੰ ਸਿਰੋਪਾ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਇਹ ਫੈਸਲਾ ਵੀ ਲਿਆ ਗਿਆ ਕਿ ਬਹੁ-ਰੰਗ ਕਲਾ ਮੰਚ ਵੱਲੋਂ 19 ਜਨਵਰੀ ਨੂੰ ਕੀਤੇ ਜਾ ਰਹੇ ਸੰਗੀਤਕ ਪ੍ਰੋਗਰਾਮ ਵਿੱਚ ਡਾ. ਹਰਜਿੰਦਰ ਸਿੰਘ ਓਬਰਾਏ ਸਰਪ੍ਰਸਤ ਅਤੇ ਨਿਰਦੇਸ਼ਕ ਅਸ਼ੋਕ ਪੁਰੀ ਸ਼ਹਿਰ ਦੀਆਂ ਬਾਕੀ ਸੰਗੀਤਕ ਸੰਸਥਾਵਾਂ ਨੂੰ ਨਾਲ ਲੈ ਕੇ ਪ੍ਰੋਗਰਾਮ ਦੇ ਪ੍ਰਬੰਧ ਕਰਨਗੇ।

# ਫੂਲੇ ਭਾਰਤੀ ਮੂਵਮੈਂਟ ਫਰੰਟ ਪੰਜਾਬ ਵੱਲੋਂ ਅੱਪਰਾ ਵਿੱਚ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਅਤੇ ਮਹਾਤਮਾ ਜੋਤੀ ਰਾਓ ਫੂਲੇ ਦਾ ਪ੍ਰੀਨਿਰਵਾਣ ਦਿਵਸ ਮਨਾਇਆ

**ਫਿਲੌਰ/ਅੱਪਰਾ (ਦੀਪਾ)**- ਸਥਾਨਕ ਕਸਬਾ ਅੱਪਰਾ ਵਿਖੇ ਫੂਲੇ ਭਾਰਤੀ ਅੰਦੋਲਨ ਫਰੰਟ ਪੰਜਾਬ ਦੇ ਪ੍ਰਧਾਨ ਬਲਵੀਰ ਕਸ਼ਯਪ ਅੱਪਰਾ ਦੀ ਅਗਵਾਈ ਹੇਠ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਅਤੇ ਮਹਾਤਮਾ ਜੋਤੀ ਰਾਓ ਫੂਲੇ ਦਾ ਪ੍ਰੀਨਿਰਵਾਣ ਦਿਵਸ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਫੂਲੇ ਭਾਰਤੀ ਮੂਵਮੈਂਟ ਫਰੰਟ ਪੰਜਾਬ ਇਸ ਮੌਕੇ ਗੋਲਡੀ ਨਾਹਰ ਫਿਲੌਰ ਮੁਖੀ ਅੰਬੇਡਕਰ ਸ਼ਕਤੀ ਦਲ ਪੰਜਾਬ, ਅਨਿਲ ਹੰਸ ਪ੍ਰਧਾਨ ਭਾਰਤੀ ਮੂਲਨਿਵਾਸੀ ਮੁਕਤੀ ਮੋਰਚਾ, ਫਕੀਰ ਚੰਦ ਜਸਲ ਮੋਹਾਲੀ ਮੁਖੀ ਪਾਵਰ ਆਫ ਸੋਸ਼ਲ ਯੂਨਿਟੀ, ਬਲਵੀਰ ਸਿੰਘ ਭਾਰਸਿੰਘਪੁਰੀ, ਲਲਿਤ ਅੰਬੇਡਕਰ ਐਡਵੋਕੇਟ, ਕ੍ਰਿਪਾਲ ਸਿੰਘ ਪਾਲੀ ਸਰਪੰਚ ਛੋਕਰਾਂ, ਬਲਵਿੰਦਰ ਸ਼ੀਰਾ ਮੂਨਰੋ, ਡਾ. ਗੋਲਡੀ ਦਾਦਰਾ, ਮੁਕੇਸ਼ ਦਾਦਰਾ, ਬਲਵਿੰਦਰ



ਬਾਹਰੀ, ਸਰਪੰਚ ਵਿਨੈ ਅੱਪਰਾ, ਦੀਪਕ ਨਾਹਰ, ਤਿਲਕ ਰਾਜ, ਕੁਲਦੀਪ ਸਿੰਘ ਜੌਹਲ ਪੰਚਾਇਤ ਮੈਂਬਰ, ਰੂਪ ਲਾਲ ਪੰਚਾਇਤ ਮੈਂਬਰ, ਹਰਜੀਤ ਸਿੰਧੂ ਪੰਚਾਇਤ ਮੈਂਬਰ, ਇੰਦਰਜੀਤ ਸਹੋਤਾ, ਗੁਰਪਾਲ ਸਿੰਘ ਸਹੋਤਾ, ਹਰਸਾਹਿਬ ਸਿੰਘ ਨੇ ਭਾਰਤ ਰਤਨ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਅਤੇ ਮਹਾਤਮਾ ਜੋਤੀ ਦੇ ਜੀਵਨ, ਸੋਚ ਅਤੇ ਕਾਰਜਾਂ ਬਾਰੇ ਚਰਚਾ ਕੀਤੀ ।ਉਨਾਂ ਫੂਲੇ ਜੀ ਦੇ ਫਲਸਫੇ ਬਾਰੇ ਲੋਕਾਂ ਨੂੰ ਜਾਗਰੂਕ ਕਰਕੇ ਸਮਾਜ ਦੇ ਲੋੜਵੰਦ ਲੋਕਾਂ ਦੀ ਮਦਦ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਗਾਇਕ ਉਸਤਾਦ ਸੁੱਚਾ ਸਾਬਰੀ ਅਤੇ ਗਾਇਕ ਬਾਲੀ ਹਰੀਪੁਰ ਨੇ ਬਾਬਾ ਸਾਹਿਬ ਅਤੇ ਮਹਾਤਮਾ ਜੋਤੀ ਰਾਓ ਫੂਲੇ ਦੇ ਜੀਵਨ ਬਾਰੇ ਗੀਤ ਗਾ ਕੇ ਲੋਕਾਂ ਨੂੰ ਜਾਗਰੂਕ ਕੀਤਾ। ਇਸ ਮੌਕੇ ਬਾਬਾ ਸਾਹਿਬ ਅਤੇ ਜੋਤ ਰਾਓ ਫੂਲੇ ਦੀ ਤਸਵੀਰ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ ।ਇਸ ਮੌਕੇ ਭਾਰਤੀ ਅੰਦੋਲਨ ਫਰੰਟ ਪੰਜਾਬ ਦੇ ਪ੍ਰਧਾਨ ਬਲਵੀਰ ਕਸ਼ਯਪ ਅੱਪਰਾ ਨੇ ਕਿਹਾ ਕਿ ਫਰੰਟ ਮੰਗ ਕਰਦਾ ਹੈ ਕਿ ਮੰਡਲ ਕਮਿਸ਼ਨ ਦੀ ਰਿਪੋਰਟ ਲਾਗੂ ਕੀਤੀ ਜਾਵੇ। ਇਸ ਮੌਕੇ ਚਾਹ ਅਤੇ ਲੰਗਰ ਦਾ ਵੀ ਪ੍ਰਬੰਧ ਕੀਤਾ ਗਿਆ।

# ਪਿੰਡ ਮਜਾਰੀ 'ਚ ਆਮ ਗਿਆਨ ਦੀ ਪ੍ਰਤੀਯੋਗਤਾ ਕਰਵਾਈ

## ਡਾ. ਬਖਸ਼ੀਸ਼ ਸਿੰਘ ਨੇ ਬੱਚਿਆਂ ਨੂੰ ਸਨਮਾਨਿਤ ਕੀਤਾ

**ਬੰਗਾ, ( ਚਰਨਜੀਤ ਸੱਲ੍ਹਾ )** ਪਿੰਡ ਮਜਾਰੀ ਵਿਖੇ ਸਥਾਪਿਤ ਸਵ. ਗੁਲਜ਼ਾਰਾ ਰਾਮ ਯਾਦਗਾਰੀ ਟਰੱਸਟ ਵਲੋਂ ਆਮ ਗਿਆਨ ਦੀ ਪ੍ਰਤੀਯੋਗਤਾ ਕਰਵਾਈ ਗਈ। 25 ਸਵਾਲਾਂ ਲਈ 25 ਅੰਕਾਂ ਲਈ ਹੋਈ 25 ਮਿੰਟ ਦੀ ਇਸ ਪ੍ਰਤੀਯੋਗਤਾ ਵਿੱਚ 25 ਬੱਚਿਆਂ ਨੇ ਉਤਸ਼ਾਹ ਨਾਲ ਭਾਗ ਲਿਆ। ਇਹਨਾਂ ਸਾਰੇ ਪ੍ਰਤੀਯੋਗੀਆਂ ਵਿੱਚ ਪਿੰਡ ਮਜਾਰੀ ਦੇ ਹੀ ਬੱਚੇ ਸ਼ਾਮਲ ਸਨ ਅਤੇ ਸਾਰੇ ਸਵਾਲ ਵੀ ਪਿੰਡ ਮਜਾਰੀ ਬਾਰੇ ਹੀ ਵੱਖ ਵੱਖ ਪੱਖਾਂ ਨਾ਼ਲ ਸਬੰਧਤ ਸਨ। ਪ੍ਰਤੀਯੋਗੀਆਂ ਨੂੰ ਪ੍ਰਮਾਣ ਪੱਤਰ ਪ੍ਰਦਾਨ ਕੀਤੇ ਗਏ ਅਤੇ ਫੁੱਲ ਮਲਾਵਾਂ ਪਹਿਨਾਈਆਂ




ਪਿੰਡ ਮਜਾਰੀ ਵਿਖੇ ਪ੍ਰਤੀਯੋਗੀਆਂ ਨੂੰ ਸਨਮਾਨਿਤ ਕਰਨ ਸਮੇਂ ਡਾ. ਬਖਸ਼ੀਸ਼ ਸਿੰਘ ਅਤੇ ਨੰਬਰਦਾਰ ਸੁਰਜੀਤ ਮਜਾਰੀ।

ਗਈਆਂ। ਇਹਨਾਂ ਨੂੰ ਸਨਮਾਨ ਦੇਣ ਲਈ ਕਰਨ ਹਸਪਤਾਲ ਬੰਗਾ ਦੇ ਸੰਸਥਾਪਕ ਡਾ. ਬਖਸ਼ੀਸ਼ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਹਨਾਂ ਕਿਹਾ ਕਿ ਆਮ ਗਿਆਨ ਦੀ ਯੋਗਤਾ ਸ਼ਖ਼ਸੀਅਤ ਨਿਰਮਾਣ ਵਿਚ ਵੱਡਾ ਯੋਗਦਾਨ ਪਾਉਂਦੀ ਹੈ। ਉਹਨਾਂ ਵਿਦਿਆਰਥੀ ਵਰਗ ਨੂੰ ਧਿਆਨ ਭਟਕਾਊ ਵਰਤਾਰੇ ਤੋਂ ਪਾਸੇ ਰਹਿ ਕੇ ਜਾਣਕਾਰੀ ਭਰਪੂਰ ਮਾਹੌਲ ਸਿਰਜਣ ਵਿੱਚ ਦਿਲਚਸਪੀ ਰੱਖਣ ਦੀ ਲੋੜ 'ਤੇ ਜ਼ੋਰ ਦਿੱਤਾ। ਪ੍ਰਤੀਯੋਗਤਾ ਦੇ ਪ੍ਰਬੰਧਕ ਨੰਬਰਦਾਰ ਸੁਰਜੀਤ ਮਜਾਰੀ ਨੇ ਦੱਸਿਆ ਕਿ ਇਹ ਉਪਰਾਲਾ ਪਿੰਡ ਦੀ ਨਵੀਂ ਪੀੜ੍ਹੀ ਨੂੰ ਪਿੰਡ ਦੇ ਵਿਰਸੇ, ਪ੍ਰਾਪਤੀਆਂ, ਸਥਿਤੀ ਅਤੇ ਚੌਗਿਰਦੇ ਸਬੰਧੀ ਜਾਣਕਾਰੀ ਨਾਲ ਜੋੜਣ ਦੇ ਮਿਸ਼ਨ ਨਾਲ ਕੀਤਾ ਗਿਆ ਹੈ। ਉਹਨਾਂ ਕਿਹਾ ਕਿ ਕੌਮਾਂਤਰੀ, ਕੌਮੀ ਅਤੇ ਸੂਬਾਈ ਜਾਣਕਾਰੀ ਦੇ ਨਾਲ ਨਾਲ ਆਪਣੇ ਚੌਗਿਰਦੇ ਬਾਰੇ ਵੀ ਖੋਜਮਈ ਧਾਰਨਾ ਬਣੀ ਰਹਿਣੀ ਚਾਹੀਦੀ ਹੈ। ਇਸ ਮੌਕੇ ਪ੍ਰਤੀਯੋਗੀਆਂ ਨਾਲ ਉਹਨਾਂ ਦੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਰੂਪ ਚੰਦ, ਪ੍ਰਵੀਨ ਕੁਮਾਰ ਰਾਜਾ, ਇਕਬਾਲ ਸਿੰਘ, ਰਾਜਿੰਦਰ ਕੁਮਾਰ, ਹਰਮੇਸ਼ ਕੁਮਾਰ, ਪ੍ਰਦੀਪ ਸਿੰਘ, ਰਘਬੀਰ ਸਿੰਘ ਆਦਿ ਪਤਵੰਤੇ ਵੀ ਹਾਜ਼ਰ ਸਨ।

# ਪਤੇ ਦੀ ਗੱਲ

ਰੱਬ ਦੇ ਪੈਰਾਂ 'ਚ ਫੁੱਲ ਚੜਾਓ ਜਾਂ ਨਾਂ,
ਪਹਿਲਾਂ ਆਪਣੇ ਘਰ ਨੂੰ ਭਰ ਦਿਓ, ਪਿਆਰ ਦੀਆਂ ਖੁਸ਼ਬੋਆਂ ਨਾਲ।
ਟੈਗੋਰ ਸਾਹਿਬ ਫਰਮਾਉਂਦੇ ਨੇ, ਮੰਦਰ ਵਿੱਚ ਮੋਮਬੱਤੀਆਂ ਜਗਾਉਣ ਤੋਂ ਪਹਿਲਾਂ,
ਦਿਲ ਦੇ ਪਾਪਾਂ ਦੀ ਕਾਲਖ ਧੋ ਸਿੱਟੋ, ਅੰਦਰ ਦੀਆਂ ਧੋਆਂ ਨਾਲ ।
ਪ੍ਰਾਰਥਨਾ ਕਰਨ ਵੇਲੇ, ਪ੍ਰਭੂ ਦੇ ਦਰ ਤੇ ਸੀਸ ਝੁਕਾਉਣ ਤੋਂ ਪਹਿਲਾਂ,
ਹਮ-ਸਫਰ ਸਾਥਣ ਦੀ, ਨਿਮਰਤਾ ਅੱਗੇ ਝੁਕਣਾ ਸਿੱਖ ਲਓ।
ਮੰਦਰ ਵਿੱਚ ਪ੍ਰਾਰਥਨਾ ਕਰਨ ਸਮੇਂ, ਗੋਡੇ ਟੇਕਣ ਤੋਂ ਪਹਿਲਾਂ,
ਦੱਬੇ-ਕੁੱਚਲੇ ਗਰੀਬਾਂ ਨੂੰ, ਝੁਕ ਕੇ ਉਠਾਉਣਾ ਸਿੱਖ ਲਓ।
ਪੂਜਾ-ਅਸਥਾਨ ਤੇ, ਆਪਣੇ ਕੀਤੇ ਪਾਪਾਂ ਦੀ ਮਾਫੀ ਵਾਸਤੇ,
ਜਿਨ੍ਹਾਂ ਤੁਹਾਡੇ ਵਿਰੁੱਧ ਪਾਪ ਕੀਤੇ, ਉਹਨਾਂ ਨੂੰ ਮਾਫ ਕਰਨਾ ਸਿੱਖ ਲਓ।
ਆਤਮਾ ਵੀ ਅੰਦਰ, ਪਰਮਾਤਮਾ ਵੀ ਅੰਦਰ,
ਮਿਲਣ ਦਾ ਰਸਤਾ ਵੀ ਅੰਦਰ, ਲੱਭਣ ਲਈ ਉਸਨੂੰ, ਮਨ ਸਾਫ ਕਰਨਾ ਸਿੱਖ ਲਓ।
ਤੁਹਾਡੀ ਜ਼ਿੰਦਗੀ ਚ ਕੋਈ ਰੁਕਾਵਟਾਂ ਜਾਂ ਟੋਆ ਪੁੱਟੇ,
ਉਸ ਦਾ ਤਹਿ ਦਿਲੋਂ ਧੰਨਵਾਦ ਕਰਿਆ ਕਰੋ।
ਜਿਨ੍ਹਾਂ ਕਰਕੇ ਤੁਸੀਂ, ਛਲਾਂਗਾਂ ਮਾਰਨੀਆਂ ਸਿੱਖ ਗਏ,
ਉਹਨਾਂ ਦੀ ਵਜ੍ਹਾ ਕਰਕੇ, ਜਿੰਦਾਬਾਦ ਕਰਿਆ ਕਰੋ।



ਅਮਰਜੀਤ ਸਿੰਘ ਤੂਰ
9878469639

# ਭਾਰਤ ਰਤਨ ਅਟਲ ਬਿਹਾਰੀ ਵਾਜਪਾਈ ਨੇ ਦੁਨੀਆ 'ਚ ਭਾਰਤ ਦਾ ਨਾਂ ਰੌਸ਼ਨ ਕੀਤਾ: ਡਾ: ਘਈ

## ਯੂਥ ਸਿਟੀਜ਼ਨ ਕੌਂਸਲ ਪੰਜਾਬ ਨੇ ਰੁੱਖ ਲਗਾ ਕੇ ਅਟਲ ਬਿਹਾਰੀ ਵਾਜਪਾਈ ਦੀ ਜੈਅੰਤੀ ਮਨਾਈ



**ਹੁਸ਼ਿਆਰਪੁਰ (ਤਰਸੇਮ ਦੀਵਾਨਾ)** ਯੂਥ ਸਿਟੀਜ਼ਨ ਕੌਂਸਲ ਪੰਜਾਬ ਵਲੋਂ ਕੌਂਸਲ ਦੇ ਜਿਲ੍ਹਾ ਪ੍ਰਧਾਨ ਡਾ.ਪੰਕਜ ਸ਼ਰਮਾ ਦੀ ਪ੍ਰਧਾਨਗੀ ਹੇਠ ਭਾਰਤ ਰਤਨ ਅਟਲ ਬਿਹਾਰੀ ਵਾਜਪਾਈ ਦਾ ਜਨਮ ਦਿਨ ਰੁੱਖ ਲਗਾ ਕੇ ਮਨਾਇਆ ਗਿਆ। ਇਸ ਮੌਕੇ ਕੌਂਸਲ ਦੇ ਪੰਜਾਬ ਪ੍ਰਧਾਨ ਡਾ: ਰਮਨ ਘਈ ਨੇ ਕਿਹਾ ਕਿ ਭਾਰਤ ਰਤਨ ਅਟਲ ਬਿਹਾਰੀ ਵਾਜਪਾਈ ਨੇ ਪੂਰੇ ਵਿਸ਼ਵ ਵਿੱਚ ਭਾਰਤ ਦਾ ਨਾਂ ਰੌਸ਼ਨ ਕੀਤਾ। ਉਨ੍ਹਾਂ ਕਿਹਾ ਕਿ ਜਿਸ ਸਾਦਗੀ ਅਤੇ ਉੱਚ ਦ੍ਰਿਸ਼ਟੀ ਨਾਲ ਉਨ੍ਹਾਂ ਨੇ ਭਾਰਤ ਦੀ ਅਗਵਾਈ ਕੀਤੀ, ਉਸ ਕਾਰਨ ਪੂਰੀ ਦੁਨੀਆ ਉਨ੍ਹਾਂ ਨੂੰ ਵਿਸ਼ਵ ਨੇਤਾ ਮੰਨਦੀ ਹੈ। ਡਾ: ਘਈ ਨੇ ਕਿਹਾ ਕਿ ਅੱਜ ਦੇ ਸਾਰੇ ਸਿਆਸਤਦਾਨਾਂ ਨੂੰ ਅਟਲ ਦੇ ਜੀਵਨ ਤੋਂ ਸਬਕ ਸਿੱਖ ਕੇ ਭਾਰਤ ਮਾਤਾ ਦੇ ਚਰਨਾਂ ਵਿਚ ਸਮਰਪਿਤ ਹੋ ਕੇ ਦੇਸ਼ ਦੇ ਹਿੱਤ ਵਿਚ ਨਿਰਸਵਾਰਥ ਹੋ ਕੇ ਕੰਮ ਕਰਨਾ ਚਾਹੀਦਾ ਹੈ ਙ ਇਸ ਮੌਕੇ ਸਮੂਹ ਕੌਂਸਲ ਵਲੋਂ ਡਾ: ਪੰਕਜ ਸ਼ਰਮਾ ਨੇ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੂੰ ਯਾਦ ਕਰਦਿਆਂ ਉਨ੍ਹਾਂ ਨੂੰ ਨਮਨ ਕਰਦਿਆਂ ਕਿਹਾ ਕਿ ਭਾਰਤ ਰਤਨ ਅਟਲ ਜੀ ਦਾ ਜੀਵਨ ਸਾਡੇ ਸਾਰੇ ਭਾਰਤੀਆਂ ਲਈ ਪ੍ਰੇਰਨਾਦਾਇਕ ਹੈ। ਉਨ੍ਹਾਂ ਕਿਹਾ ਕਿ ਅੱਜ ਸਿਆਸਤਦਾਨਾਂ ਨੂੰ ਦੇਸ਼ ਦੀ ਸੇਵਾ ਵਿੱਚ ਅਟਲ ਬਿਹਾਰੀ ਵਾਜਪਾਈ ਜੀ ਦੇ ਜੀਵਨ ਵੱਲ ਝਾਤ ਮਾਰਨੀ ਚਾਹੀਦੀ ਹੈ। ਇਸ ਮੌਕੇ ਮਨੋਜ ਸ਼ਰਮਾ, ਡਾ: ਰਾਜ ਕੁਮਾਰ ਸੈਣੀ, ਜਸਵੀਰ ਸਿੰਘ, ਦਲਜੀਤ ਸਿੰਘ, ਕੁਲਦੀਪ ਧਾਮੀ, ਡਾ: ਵਸ਼ਿਸ਼ਟ ਕੁਮਾਰ, ਗਗਨਦੀਪ ਆਦਿ ਵਰਕਰ ਹਾਜ਼ਰ ਸਨ।

# ਅਮਿਤ ਸ਼ਾਹ ਸ਼ਾਹ ਨੇ ਬਾਬਾ ਸਾਹਿਬ ਖਿਲਾਫ ਅਪਮਾਨਜਨਕ ਟਿੱਪਣੀ ਕਰਕੇ ਕਰੋੜਾਂ ਲੋਕਾ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ : ਵਿਸ਼ਵਨਾਥ ਬੰਟੀ



**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਕੇਂਦਰ ਸਰਕਾਰ ਵਿਚ ਗ੍ਰਹਿ ਮੰਤਰੀ ਤੇ ਭਾਜਪਾ ਦੇ ਆਗੂ ਅਮਿਤ ਸ਼ਾਹ ਵਲੋਂ ਸੰਸਦ ਵਿੱਚ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਦਕਰ ਜੀ ਦੇ ਖਿਲਾਫ ਕੀਤੀ ਗਈ ਅਪਮਾਨਜਨਕ ਟਿੱਪਣੀ ਨੇ ਜਾਹਿਰ ਕਰ ਦਿੱਤਾ ਕਿ ਭਾਜਪਾ ਸ਼ੁਰੂ ਤੋ ਹੀਂ ਐਸਸੀ ਬੀਸੀ ਤੇ ਓਬੀਸੀ ਵਿਰੋਧੀ ਪਾਰਟੀ ਹੈ ! ਇਹ ਵਿਚਾਰ ਕਾਂਗਰਸ ਦੇ ਸੀਨੀਅਰ ਆਗੂ ਅਤੇ ਗਊਸ਼ਾਲਾ ਦੇ ਪ੍ਰਧਾਨ ਵਿਸ਼ਵਨਾਥ ਬੰਟੀ ਨੇ ਸਾਡੇ ਪੱਤਰਕਾਰ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਸਾਂਝੇ ਕੀਤੇ ! ਉਹਨਾਂ ਕਿਹਾ ਕਿ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਖਿਲਾਫ ਕੀਤੀ ਟਿੱਪਣੀ ਲਈ ਅਮਿਤ ਸ਼ਾਹ ਕੁੱਲ ਦੁਨੀਆਂ ਤੋ ਤੁਰੰਤ ਮਾਫੀ ਮੰਗੇ ਕਿਉਂਕਿ ਅਮਿਤ ਸ਼ਾਹ ਸ਼ਾਹ ਨੇ ਬਾਬਾ ਸਾਹਿਬ ਖਿਲਾਫ ਅਪਮਾਨਜਨਕ ਟਿੱਪਣੀ ਕਰਕੇ ਬਾਬਾ ਸਾਹਿਬ ਦੇ ਕਰੋੜਾਂ ਪੈਰੋਕਾਰਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਉਨ੍ਹਾ ਕਿਹਾ ਕਿ ਬਾਬਾ ਸਾਹਿਬ ਦੇ ਪੈਰੋਕਾਰਾਂ ਵੱਲੋਂ ਉਨ੍ਹਾਂ ਦੀ ਇਸ ਟਿੱਪਣੀ ਤੇ ਵਿਰੋਧ ਜਤਾਉਣ ਤੇ ਨਾ ਤਾਂ ਅਮਿਤ ਸ਼ਾਹ ਨੇ ਅਜੇ ਤੱਕ ਇਹ ਸ਼ਬਦ ਵਾਪਸ ਲਏ ਤੇ ਅਤੇ ਨਾ ਹੀ ਇਨ੍ਹਾਂ ਸ਼ਬਦਾ ਲਈ ਬਾਬਾ ਸਾਹਿਬ ਦੇ ਪੈਰੋਕਾਰਾਂ ਤੋਂ ਮਾਫੀ ਮੰਗੀ । ਉਹਨਾਂ ਕਿਹਾ ਕਿ ਅੱਜ ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ ਪ੍ਰਦਰਸ਼ਨ ਕੀਤੇ ਜਾ ਰਹੇ ਹਨ ਤੇ ਇਹ ਲਗਾਤਾਰ ਚੱਲਦੇ ਰਹਿਣਗੇ ਜਦ ਤੱਕ ਇਹ ਸ਼ਬਦ ਅਮਿਤ ਸ਼ਾਹ ਵਲੋਂ ਵਾਪਸ ਨਹੀਂ ਲਏ ਜਾਂਦੇ ਤੇ ਅਮਿਤ ਸ਼ਾਹ ਵਲੋਂ ਮਾਫੀ ਨਹੀਂ ਮੰਗੀ ਜਾਂਦੀ। ਉਨ੍ਹਾ ਕਿਹਾ ਕਿ ਬਾਬਾ ਸਾਹਿਬ ਦੇਸ਼ ਦੇ ਸੰਵਿਧਾਨ ਦੇ ਨਿਰਮਾਤਾ ਹਨ ਤੇ ਉਨ੍ਹਾ ਦੇ ਸੰਘਰਸ਼ ਕਰਕੇ ਹੀ ਸਦੀਆਂ ਤੋਂ ਐਸਸੀ ਸਮਾਜ ਤੇ ਪਛੜੇ ਵਰਗਾਂ ਤੇ ਔਰਤਾਂ ਨੂੰ ਬਰਾਬਰੀ ਦੇ ਹੱਕ ਮਿਲੇ ਹਨ। ਉਨ੍ਹਾ ਕਿਹਾ ਕਿ ਬਾਬਾ ਸਾਹਿਬ ਜਿੰਨਾ ਦੇ ਸੰਘਰਸ਼ ਕਰਕੇ ਪੱਛੜੇ ਵਰਗਾਂ ਨੂੰ ਚੰਗੀ ਜਿੰਦਗੀ ਜਿਉਣ ਦਾ ਮੌਕਾ ਮਿਲਿਆ ਉਹ ਪੱਛੜੇ ਵਰਗਾਂ ਲਈ ਭਗਵਾਨ ਹੀ ਹਨ। ਇਸ ਕਰਕੇ ਅਮਿਤ ਸ਼ਾਹ ਦਾ ਸੰਸਦ ਵਿੱਚ ਇਹ ਕਹਿਣਾ ਕਿ ਅੰਬੇਡਕਰ ਅੰਬੇਡਕਰ ਅੰਬੇਡਕਰ ਲਗਾ ਰੱਖਿਆ ਤੇ ਜੇਕਰ ਐਨਾ ਨਾਮ ਭਗਵਾਨ ਦਾ ਲੈਂਦੇ ਤਾਂ ਸਵਰਗ ਮਿਲ ਜਾਣਾ ਸੀ ! ਉਹਨਾਂ ਕਿਹਾ ਕਿ ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਜਦ ਜਿੰਦਗੀ ਹੀ ਬਾਬਾ ਸਾਹਿਬ ਕਰਕੇ ਮਿਲੀ ਹੈ ਤਾਂ ਫੇਰ ਪੱਛੜੇ ਵਰਗਾਂ ਨੇ ਅੰਬੇਡਕਰ ਅੰਬੇਡਕਰ ਅੰਬੇਡਕਰ ਹੀ ਕਹਿਣਾ ਹੈ ਤੇ ਕਿਸੇ ਨੂੰ ਇਸ ਤੇ ਇਤਰਾਜ ਹੁੰਦਾ ਆ ਤਾ ਹੋਈ ਜਾਵੇ !

# ਡਾ ਅੰਬੇਡਕਰ ਬੁੱਧਿਸਟ ਟਰੱਸਟ ਵੱਲੋਂ ਮੰਨੂ ਸਿਮਰਤੀ ਬਨਾਮ ਭਾਰਤੀ ਸੰਵਿਧਾਨ ਵਿਚਾਰ ਗੋਸ਼ਟੀ ਸਮਾਗਮ ਅਯੋਜਿਤ





**ਬੰਗਾ ( ਚਰਨਜੀਤ ਸੱਲ੍ਹਾ)** : ਅੱਜ ਇਥੇ ਡਾ ਅੰਬੇਡਕਰ ਬੁੱਧਿਸਟ ਟਰੱਸਟ ਬੰਗਾ ਵਲੋਂ ਭਾਰਤੀ ਸੰਵਿਧਾਨ ਬਨਾਮ ਮੰਨੂ ਸਿਮਰਤੀ ਵਿਚਾਰ ਗੋਸ਼ਟੀ ਸਮਾਗਮ ਅਯੋਜਿਤ ਕੀਤਾ ਗਿਆ । ਇਸ ਵਿਚਾਰ ਗੋਸ਼ਟੀ ਸਮਾਗਮ ਦੀ ਸ਼ੁਰੂਆਤ ਭਾਰਤੀ ਸੰਵਿਧਾਨ ਦੇ ਨਿਰਮਾਤਾ , ਭਾਰਤੀ ਨਾਰੀ ਦੇ ਮੁਕਤੀ ਦਾਤਾ , ਦਲਿਤਾਂ ਦੇ ਮਸੀਹਾ ਅਤੇ ਭਾਰਤ ਰਤਨ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੀ ਤਸਵੀਰ ਤੇ ਫੁੱਲ ਮਾਲਾਵਾਂ ਭੇਂਟ ਕਰਕੇ ਕੀਤਾ । ਸਮਾਗਮ ਨੂੰ ਸੰਬੋਧਨ ਕਰਦਿਆਂ ਡਾ ਕਸ਼ਮੀਰ ਚੰਦ ਪ੍ਰਧਾਨ ਡਾ ਅੰਬੇਡਕਰ ਬੁੱਧਿਸਟ ਟਰੱਸਟ ਨੇ ਦੱਸਿਆ ਕਿ ਅੱਜ ਦੇ ਦਿਨ 25 ਦਸੰਬਰ 2027 ਨੂੰ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਨੇ ਸਮਾਜ ਵਿੱਚ ਫੁੱਟ ਪਾਉਣ ਵਾਲੀ ਅਤੇ ਅਧਿਕਾਰਾਂ ਤੋਂ ਲਾਂਭੇ ਰੱਖਣ ਵਾਲੇ ਵਿਧਾਨ ਦੀ ਕਿਤਾਬ ਮੰਨੂੰ ਸਿਮਰਤੀ ਨੂੰ ਅਗਨੀ ਭੇਂਟ ਕੀਤਾ ਸੀ । ਉਨ੍ਹਾਂ ਕਿਹਾ ਕਿ ਅੱਜ ਭਾਰਤੀ ਸਮਾਜ ਨੂੰ ਸਮਾਨਤਾ ਸੁਤੰਤਰਤਾ ਤੇ ਭਾਈਚਾਰਾ ਬਣਾਈ ਰੱਖਣ ਲਈ ਭਾਰਤੀ ਸੰਵਿਧਾਨ ਆਪਣਾ ਰੋਲ ਅਦਾ ਕਰ ਰਿਹਾ ਹੈ। ਇਸ ਵਿਚਾਰ ਚਰਚਾ ਸਮਾਗਮ ਵਿੱਚ ਡਾ ਕਸ਼ਮੀਰ ਚੰਦ ਪ੍ਰਧਾਨ ਡਾ ਅੰਬੇਡਕਰ ਬੁੱਧਿਸਟ ਟਰੱਸਟ ਤੋਂ ਇਲਾਵਾ ਡਿਪਟੀ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਜਗਦੀਸ਼ ਰਾਏ , ਪ੍ਰਿੰਸੀਪਲ ਤੀਰਥ ਬਸਰਾ , ਡਾ ਸੁਖਵਿੰਦਰ ਹੀਰਾ , ਡਾ ਨਰੰਜਣ ਪਾਲ ਹੀਓਂ , ਡਾ ਅਜੇ ਬਸਰਾ , ਸ ਦਰਬਾਰਾ ਸਿੰਘ ਪਰਿਹਾਰ ਰਿਟਾਇਰਡ ਸੀਨੀਅਰ ਮੈਨੇਜਰ , ਮਾ ਰਾਮ ਕਿਸ਼ਨ ਪੱਲੀ ਝਿੱਕੀ , ਉੱਘੇ ਲੇਖਕ ਸੋਹਣ ਸਹਿਜਲ , ਡਾ ਇੰਦਰਜੀਤ ਕਜਲਾ ਅਤੇ ਮਾਸਟਰ ਲਖਵਿੰਦਰ ਭੌਰਾ ਆਦਿ ਬੁਲਾਰਿਆਂ ਨੇ ਹਿੱਸਾ ਲਿਆ । ਇਸ ਮੌਕੇ ਬੁਲਾਰਿਆਂ ਦਾ ਟਰੱਸਟ ਵੱਲੋਂ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ । ਇਸ ਸਮਾਗਮ ਦੋਰਾਨ ਸਟੇਜ ਦੀ ਕਾਰਵਾਈ ਹਰਮੇਸ਼ ਵਿਰਦੀ ਨੇ ਕੀਤੀ । ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਮੈਡਮ ਰਵਿੰਦਰ ਮਹਿੰਮੀ , ਸਾਬਕਾ ਐੱਮ ਸੀ ਸ੍ਰੀਮਤੀ ਨਿਰਮਲਾ ਦੇਵੀ , ਰਾਜ ਕੁਮਾਰ ਮਾਹਿਲ ਖੁਰਦ , ਜਸਵੀਰ ਮੋਰੋਂ , ਕਾਨੂੰਗੋ ਦਵਿੰਦਰ ਪਾਲ , ਪ੍ਰਕਾਸ਼ ਚੰਦ ਬੈਂਸ , ਜਸਵੀਰ ਸਿੰਘ ਗੁਰੂ , ਕ੍ਰਿਸ਼ਨ ਸਿੰਘ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ ਮਾਹਿਲ ਖੁਰਦ , ਮਹਿੰਦਰ ਪਾਲ ਬੈਂਸ , ਡਾ ਸੁਰਿੰਦਰ ਕੁਮਾਰ , ਪਰਮਜੀਤ ਸਿੰਘ , ਨਰਿੰਦਰ ਹੁਸਨ ਮਾਹੀ , ਸਰਬਜੀਤ ਸਰੋਆ , ਮਾਸਟਰ ਮਦਨ ਲਾਲ , ਇੰਜ ਗੁਰਦਿਆਲ ਮਾਡਾਰ , ਵਿਜੇ ਸੋਢੀਆਂ , ਦਲਵੀਰ ਮਾਹੀ, ਵਿਜੇ ਕੁਮਾਰ ਭੱਟ , ਸੁਰੇਸ਼ ਕੁਮਾਰ , ਚਰਨਜੀਤ ਸੱਲਾਂ , ਜੈ ਪਾਲ ਸੁੰਡਾ , ਪਰਮਜੀਤ ਸਿੰਘ ਸੱਲ੍ਹਾਂ, ਕੁਲਦੀਪ ਸਿੰਘ ਵਾਲੀਆ, ਸਤਨਾਮ ਸਿੰਘ ਵਾਲੀਆ, ਸੋਨੂੰ ਰਾਮ ਸੱਲ੍ਹਾ ਹਰਜਿੰਦਰ ਲੱਧੜ , ਦੀਨ ਦਿਆਲ ਅਟਾਰੀ , ਨਿਰਮਲ ਸੱਲਣ ਅਤੇ ਯੋਗ ਰਾਜ ਆਦਿ ਹਾਜ਼ਰ ਸਨ ।

# ਪੰਜਾਬੀ ਸਾਹਿਤ ਸਭਾ ਰਜਿ ਬਰਨਾਲਾ ਵਲੋਂ ਪੁਸਤਕਾਂ ਲੋਕ ਅਰਪਣ ਅਤੇ ਪੁਸਤਕ ਗੋਸ਼ਟੀ ਕਰਵਾਈ

## ਪੋਤੇ ਪੋਤੀਆਂ ਨੇ ਵੀ ਕਵੀ ਦਰਬਾਰ ਵਿੱਚ ਕਵਿਤਾਵਾਂ ਪੇਸ਼ ਕੀਤੀਆਂ





**ਬਰਨਾਲਾ (ਚੰਡਿਹੋਕ)** ਬੀਤੇ ਦਿਨੀਂ ਪੰਜਾਬੀ ਸਾਹਿਤ ਸਭਾ ਰਜਿ ਬਰਨਾਲਾ ਵਲੋਂ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਵਿਖੇ ਸਾਹਿਤਕ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਲੇਖਕ ਪ੍ਰਿੰਸੀਪਲ ਸਰਵਣ ਸਿੰਘ ਬਤੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਸਮਾਗਮ ਵਿਚ ਪੁਸਤਕਾਂ ਦਾ ਲੋਕ ਅਰਪਣ ਅਤੇ ਗੋਸ਼ਟੀ ਕਰਵਾਈ ਗਈ। ਸਭਾ ਦੇ ਪ੍ਰੈੱਸ ਸਕੱਤਰ ਤੇਜਿੰਦਰ ਚੰਡਿਹੋਕ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਡਾਕਟਰ ਜੋਗਿੰਦਰ ਸਿੰਘ ਨਿਰਾਲਾ ਦੀ ਪੁਸਤਕ "ਮੇਰੀਆਂ ਪਿਆਰਿਆਂ ਕਹਾਣੀਆਂ" ਕਹਾਣੀ ਸੰਗ੍ਰਹਿ ਉਪਰ ਗੋਸ਼ਟੀ ਕਰਵਾਈ ਗਈ ਜਿਸ ਵਿੱਚ ਡਾਕਟਰ ਅਰਵਿੰਦਰ ਕੌਰ ਕਾਕੜਾ ਨੇ "ਕਹਾਣੀ ਜਗਤ ਵਿਚ ਮੱਧ ਵਰਗੀ ਅਨੁਭਵਾਂ ਦਾ ਚਿਤਰਣ ਕਰਦਾ ਕਥਾ ਕੈਨਵਸ" ਸਿਰਲੇਖ ਹੇਠ ਪੇਪਰ ਪੜ੍ਹਿਆ। ਇਸ ਪੁਸਤਕ ਤੇ ਬਹਿਸ ਕਰਨ ਵਾਲਿਆਂ ਵਿਚ ਡਾਕਟਰ ਸੰਪੂਰਨ ਸਿੰਘ ਟੱਲੇਵਾਲੀਆ, ਤੇਜਾ ਸਿੰਘ ਤਿਲਕ, ਭੋਲਾ ਸਿੰਘ ਸੰਘੇੜਾ, ਤੇਜਿੰਦਰ ਚੰਡਿਹੋਕ ਆਦਿ ਨੇ ਆਪਣੇ ਵਿਚਾਰ ਸਾਂਝੇ ਕੀਤੇ। ਡਾਕਟਰ ਨਿਰਾਲਾ ਨੇ ਕਿਹਾ ਇਹ ਕਹਾਣੀਆਂ ਮੇਰੇ ਬਹੁਤ ਨੇੜੇ ਹਨ ਅਤੇ ਮੈਨੂੰ ਬਹੁਤ ਪਸੰਦ ਹਨ। ਮੈਂ ਮੱਧ ਵਰਗ ਅਤੇ ਦਲਿਤ ਨਾਲ ਸਬੰਧਤ ਕਹਾਣੀਆਂ ਘੱਟ ਹੋਣ ਕਰਕੇ ਉਹਨਾਂ ਦੇ ਦਰਦ ਨੂੰ ਮਹਿਸੂਸ ਕਰਦਿਆਂ ਲਿਖੀਆਂ। ਤੇਜਾ ਸਿੰਘ ਤਿਲਕ ਨੇ ਕਿਹਾ ਕਿ ਡਾਕਟਰ ਨਿਰਾਲਾ ਦੀਆਂ ਕਹਾਣੀਆਂ ਵਿਚ ਕਲਪਨਾ ਨਹੀਂ ਹੈ ਸਗੋਂ ਯਥਾਰਥ ਨੂੰ ਲੈ ਕੇ ਲਿਖੀਆਂ ਗਈਆਂ ਹਨ। ਸਭਾ ਵੱਲੋਂ ਸੀਨੀਅਰ ਮੈਂਬਰ ਸੁਰਜੀਤ ਸਿੰਘ ਦਿਹੜ ਦੀ ਹਾਇਕੂ ਪੁਸਤਕ "ਚਾਰ ਦਿਸ਼ਾਵਾਂ ਤਿੰਨ ਤਿੰਨ ਅੱਖਰ" ਅਤੇ ਵਿੱਤ ਸਕੱਤਰ ਰਾਮ ਸਰੂਪ ਸ਼ਰਮਾ ਦੀ ਕਿੱਸਾ ਕਾਵਿ ਪੁਸਤਕ " ਸ਼ਾਹ ਮੁਹੰਮਦ ਵੇਖ ਪੰਜਾਬ ਆ ਕੇ " ਦਾ ਲੋਕ ਅਰਪਣ ਕੀਤਾ ਗਿਆ। ਉਪਰੰਤ ਲੇਖਕਾਂ ਅਤੇ ਭਾਸ਼ਾ ਵਿਭਾਗ ਪੰਜਾਬ ਵੱਲੋਂ ਪ੍ਰਾਪਤ ਸਰਵੋਤਮ ਪੁਸਤਕ ਪੁਰਸਕਾਰ ਵਿਜੇਤਾ ਨਵਦੀਪ ਸਿੰਘ ਗਿੱਲ ਦਾ ਸਨਮਾਨ ਵੀ ਕੀਤਾ ਗਿਆ।

ਸਮਾਗਮ ਦੌਰਾਨ ਕੀਤੇ ਗਏ ਕਵੀ ਦਰਬਾਰ ਵਿੱਚ ਜਿੱਥੇ ਲੇਖਕਾਂ ਰਘਬੀਰ ਸਿੰਘ ਗਿੱਲ, ਡਾਕਟਰ ਰਾਮਪਾਲ ਸਿੰਘ, ਪਾਲ ਸਿੰਘ ਲਹਿਰੀ, ਰਾਜਿੰਦਰ ਸ਼ੌਂਕੀ, ਸੁਰਜੀਤ ਸਿੰਘ ਦਿਹੜਆਦਿ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ ਉੱਥੇ ਬੱਚਿਆਂ ਵਿਚ ਚੰਡਿਹੋਕ ਦੇ ਪੋਤੇ ਕੁਲ ਰੌਨਕ ਸਿੰਘ ਚੰਡਿਹੋਕ, ਦਿਹੜ ਦੀ ਪੋਤੀ ਜਸਮੀਤ ਕੌਰ ਅਤੇ ਪੋਤਾ ਤਰਨਵੀਰ ਸਿੰਘ ਨੇ ਵੀ ਕਵਿਤਾਵਾਂ ਪੇਸ਼ ਕੀਤੀਆਂ।

ਸਮਾਗਮ ਦਾ ਸੰਚਾਲਨ ਜਨਰਲ ਸਕੱਤਰ ਮਾਲਵਿੰਦਰ ਸ਼ਾਇਰ ਨੇ ਬਾਖੂਬੀ ਨਿਭਾਉਂਦਿਆਂ ਪੁਸਤਕ ਤੇ ਚਰਚਾ ਵੀ ਕੀਤੀ। ਆਏ ਸਾਹਿਤਕਾਰਾਂ ਅਤੇ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਡਾਕਟਰ ਹਰੀਸ਼ ਬਾਂਸਲ ਨੇ ਖੁਸ਼ੀ ਪ੍ਰਗਟ ਕੀਤੀ ਕਿ ਬਰਨਾਲਾ ਦੀ ਕੁਝ ਸਾਹਿਤ ਸਭਾਵਾਂ ਵਲੋ ਇਸ ਸਕੂਲ ਵਿੱਚ ਸਾਹਿਤਕ ਸਮਾਗਮ ਕੀਤੇ ਜਾਂਦੇ ਹਨ। ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਜਗਰਾਜ ਚੰਦ ਰਾਏਸਰ, ਗੁਰਚਰਨ ਸਿੰਘ, ਭੀਮ ਸਿੰਘ, ਨਵਰਾਜ ਸਿੰਘ ਦਿਹੜ, ਸਰਬਜੀਤ ਕੌਰ, ਸੁਰਿੰਦਰਪਾਲ ਸਿੰਘ, ਮੇਜਰ ਸਿੰਘ ਗਿੱਲ, ਤੇਜਵੀਰ ਸਿੰਘ ਦਿਹੜ, ਸੁਖਪਾਲ ਕੌਰ ਬਾਠ, ਜਰਨੈਲ ਸਿੰਘ ਬਾਠ, ਦਰਸ਼ਨ ਸਿੰਘ, ਮਹਿੰਦਰ ਸਿੰਘ ਰਾਹੀ, ਮੋਹੀ ਅਮਰਜੀਤ ਸਿੰਘ ਅਤੇ ਦਰਸ਼ਨ ਸਿੰਘ ਗੁਰੂ ਆਦਿ ਨੇ ਸ਼ਿਰਕਤ ਕੀਤੀ ।

# ਸੱਚ ਵੇਖਣਾ ਤੇ ਸੁਣਨਾ

ਸ਼ੀਸ਼ਾ ਸਦਾ ਹੀ ਸੱਚ ਬੋਲਦੈ ,
ਜੋ ਹੁੰਦੈ ਉਹ ਓਹੀ ਦੱਸਦੈ ।
ਜੋ ਫੈਸ਼ਨ ਵਿੱਚ ਸੱਚ ਲਕੋਵੇ ,
ਸ਼ੀਸ਼ਾ ਮਾਰ ਠਹਾਕੇ ਹੱਸਦੈ ।
ਸੱਚਾ ਸੁੱਚਾ ਬੰਦਾ ਹਮੇਸ਼ਾ ,
ਆਪਣੀ ਜੇਬ੍ਹ 'ਚ ਸ਼ੀਸ਼ਾ ਰੱਖੇ ;
ਜਿਸ ਦੇ ਮੂੰਹ 'ਤੇ ਖ਼ੂਨੀ ਧੱਬੇ ,
ਉਹ ਸ਼ੀਸ਼ਾ ਦੇਖਣ ਤੋਂ ਨੱਸਦੈ ।



ਮੂਲ ਚੰਦ ਸ਼ਰਮਾ
ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ।
9914836037

# ਕੀ ਸਿਫ਼ਤ ਕਰਾਂ ਤੇਰੀ....

ਲਿਖ਼ਣ ਤੋਂ ਪਹਿਲਾਂ ਮੈਂ ਕੁੱਝ ਵੀ ਸੋਚਦਾ ਨਹੀਂ,

ਜੇ ਸੋਚ ਲੈਵਾਂ ਫ਼ਿਰ ਦਿਲੋਂ ਕੁੱਝ ਵੀ ਲੋਚਦਾ ਨਹੀਂ ।

ਹਲਕੀ ਫੁੱਲਕੀ ਅਜਿਹੀ ਤੂੰ ਚੇਹਰੇ ਤੇ ਮੁਸਕਾਨ ਏ,

ਮੁਸਕਾਨ ਕੀ ਤੂੰ ਅੱਖਰਾਂ ਦੀ ਜਾਨ ਏ,

ਮੇਰੀ ਲਿਖਤ ਤੇਰੇ ਪੜ੍ਹਣੇ ਦੀ ਮਹਿਮਾਨ ਏ ।

ਮਹਿਮਾਨ ਕੀ ਮੇਰੇ ਨਜ਼ਰੀਏ 'ਚ ਤੂੰ ਅੱਖਰਾਂ ਦੀ ਸੁੰਦਰ ਪੁਸ਼ਾਕ ਏ

ਹਰ ਪੁਸ਼ਾਕ ਤੇਰੀ ਇੱਕ ਚਲਕ ਪਾਉਣ ਦੀ ਮੁਹਤਾਜ ਏ ।

ਸ਼ਾਇਦ ਤੈਨੂੰ ਪਤਾ ਨੀਂ


ਤੇਰੀ ਦੀਦ ਮੈਨੂੰ ਈਦ ਨਾਲੋਂ ਵੀ ਜ਼ਿਆਦਾ ਖ਼ਾਸ ਏ,

ਮੈਨੂੰ ਤੇਰੀ ਹਲਕੀ ਜਿਹੀ ਮੁਸਕਾਨ ਚ' ਆਸ ਏ ।

ਕੀ ਸਿਫ਼ਤ ਕਰਾਂ ਤੇਰੀ ਨਾਂ ਤੈਨੂੰ ਮੇਰੇ ਲਫ਼ਜ਼ਾਂ ਚ' ਵਿਸ਼ਵਾਸ ਏ

ਮੈਂ ਦਿਵਾਨਾ ਆ ਤੇਰਾ ਤੂੰ ਮੇਰੀ ਦਿਵਾਨਗੀ ਤੋਂ ਨਿਰਾਸ਼ ਏ ।

ਬਲਵੀਰ ਚੌਪੜਾ
(ਗੜ੍ਹਸ਼ੰਕਰ )



# ਸਿਸਕਦਾ ਸ਼ਾਇਰ

ਮੇਰੇ ਮਾਯੂਸ ਦਿਲ ਨੂੰ ਭੌਰਿਆਂ,
ਕਿੱਥੋਂ ਹਸਾਉਣਾ ਸੀ!
ਮੈਂ ਕਿਉਂ ਜੰਗਲ 'ਚ ਫਿਰਦੇ ਆਜੜੀ ਦਾ,
ਗੀਤ ਗਾਉਣਾ ਸੀ!

ਇਰਾਦਾ ਸੀ ਕਿ ਜਗਦੇ ਦੀਵਿਆਂ ਦਾ,
ਸਿਰ ਪਲੋਸਾਂਗੀ।
ਪਰ ਫਿਰ ਤਾਰਿਆਂ ਨੇ ਬੇਵਜ੍ਹਾ,
ਗੁੱਸਾ ਮਨਾਉਣਾ ਸੀ

ਅਲਵਿਦਾ ਕਹਿਣ ਦੀ ਤਾਂ ਪਿਰਤ,
ਸਾਡੇ ਪੁਰਖਿਆਂ ਪਾਈ।
ਮੈਂ ਕਿਉਂ ਚੱਲਦੇ ਸਫ਼ਰ ਵਿਚਕਾਰ,
ਆਪਣਾ ਘਰ ਬਣਾਉਣਾ ਸੀ!

ਬੜੇ ਮੌਸਮ ਜ਼ਮਾਨਿਆਂ ਗੁਜ਼ਾਰੇ,
ਸੁੰਨੇ ਰੁੱਖਾਂ ਵਿੱਚ।
ਖੜਕਦੇ ਪੱਤਿਆਂ ਆਖ਼ਰ,
ਕਦੇ ਤਾਂ ਗੁਣਗੁਣਾਉਣਾ ਸੀ!

ਹਨੇਰਾ ਸੁਲਗਦਾ ਸੀ ਸ਼ਹਿਰ ਦੀ,
ਆਬੋ-ਹਵਾ ਅੰਦਰ।
ਭਲਾ ਦੋ ਟਾਹਣੀਆਂ ਫਿਰ ਆਲ੍ਹਣਾ,
ਕਿੱਦਾਂ ਬਚਾਉਣਾ ਸੀ!

ਪਹਾੜਾਂ ਇਸ ਕਦਰ ਅੰਦਰ,
ਮੇਰੇ ਝਰਨਾਹਟ ਛੇੜੀ ਸੀ,
ਕਿ ਸਮਤਲ ਰਸਤਿਆਂ 'ਤੇ ਚੱਲਦਿਆਂ,
ਮੈਂ ਡਗਮਗਾਉਣਾ ਸੀ।

ਅਧੂਰੇ ਹੋਣ ਦੀ ਪੂਰੀ ਸਜ਼ਾ,
ਮੈਨੂੰ ਮਿਲੀ ਜਿੱਦਾਂ।
ਕਦੇ ਤੂੰ ਵੀ ਸਜ਼ਾ ਐਸੀ 'ਚ,
ਅਪਣਾ ਜੀਅ ਜਲਾਉਣਾ ਸੀ!

ਬੜੀ ਭਾਵਕ ਜਿਹੀ ਹੋ ਕੇ,
ਮੈਂ ਨਿਕਲੀ ਓਸ ਬਸਤੀ 'ਚੋਂ।
ਦੁਬਾਰਾ ਕਿਉਂ ਪੁਰਾਣੇ ਦੌਰ ਦਾ,
ਚੇਤਾ ਕਰਾਉਣਾ ਸੀ।

ਉਦਾਸੀ ਵਹਿ ਤੁਰੀ,
ਆਮਦ ਹਕੀਕੀ ਹੋਣ 'ਤੇ ਆਈ।
ਮੈਂ ਅਗਲੀ ਉਮਰ ਦੇ ਵੈਰਾਗ ਦਾ ਵੀ,
ਜਾਗ ਲਾਉਣਾ ਸੀ।

ਕਿਤਾਬਾਂ ਨੇ ਦੁਹਾਈ ਸੁਣ ਲਈ,
ਹੁੰਦੀ ਕਦੇ ਜੇਕਰ!
ਮੈਂ ਅੰਦਰ ਸਿਸਕਦਾ ਸ਼ਾਇਰ,
ਭਲਾ ਕਿੱਥੇ ਲੁਕਾਉਣਾ ਸੀ!



ਰਿਤੂ ਵਾਸੂਦੇਵ

# ਸ਼ਹੀਦੀ

ਮਾਂ ਬਾਪ ਸ਼ਹੀਦ ਕਰਵਾਏ
ਦੋ ਬੱਚੇ ਜੰਗ ਭਿੱਜਵਾਏ
ਦੋ ਨੀਹਾਂ ਚ ਚਿਣਵਾਏ
ਆਪਾ ਵਾਰ ਦਸਮ ਪਿਤਾ
ਸਰਬੰਸ ਦਾਨੀ ਅਖਵਾਏ
ਸੂਬੇ ਤਸ਼ੱਦਦ ਕੀਤੇ ਭਾਰੇ
ਯੋਧੇ ਸਿਦਕੋ ਨਾ ਹਾਰੇ
ਸੂਬਾ ਹੰਕਾਰ ਵੱਸ ਬੋਲੇ
ਬੱਚੇ ਧਰਮ ਤੋਂ ਨਾ ਡੋਲੇ
ਕੀਤਾ ਟੋਡਰ ਮੱਲ ਸੰਸਕਾਰ
ਭੂਮੀ ਖਰੀਦੀ ਮੋਹਰਾਂ ਨਾਲ਼
ਮੋਤੀ ਰਾਮ ਸੇਵਾ ਕੀਤੀ
ਲੱਗੀ ਗੁਰਾ ਨਾਲ ਪ੍ਰੀਤੀ
ਨਹੀਓਂ ਜਾਣੀ ਬੱਲੀ
ਭੁਲਾਈ ਜਿਹੜੀ
ਕੌਮ ਲਈ ਕੀਤੀ



.... ਬੱਲੀ ਈਲਵਾਲ

# ਕਰ ਦੇਓ ਮੁਆਫ਼

ਤੁਸੀ ਕਰ ਦੇਓ ਮੁਆਫ਼ ਮੈਨੂੰ
ਇਹੀ ਦਾਤਿਆ ਕਰਾ ਅਰਜ਼ੋਈ
ਕੰਧ ਸਰਹਿੰਦ ਦੀ ਮਜ਼ਬੂਰ ਮੈਂ
ਗੁਰੂ ਜੀ ਗੁਨਾਹਗਾਰ ਥੋਡੀ ਹੋਈ ।

ਕਚਹਿਰੀ ਹੋਇਆ ਜਦੋਂ ਫੈਸਲਾ
ਝੱਟ ਸ਼ੁਰੂ ਕਰ ਦਿੱਤੀ ਤਿਆਰੀ
ਹੀਰੇ ਕਰ ਦਿੱਤੇ ਖੜ੍ਹੇ ਵਿਚਕਾਰ
ਇੱਟਾਂ ਚਿਣੀ ਜਾਣ ਵਾਰੋ ਵਾਰੀ
ਲੇਖ ਵੇਖ ਆਪਣੇ ਮੈਂ ਕਾਲੇ
ਛਾਤੀ ਪਿੱਟ ਪਿੱਟ ਬੜਾ ਰੋਈ
ਕੰਧ ਸਰਹਿੰਦ ਦੀ ਮਜ਼ਬੂਰ ਮੈਂ
ਗੁਰੂ ਜੀ ਗੁਨਾਹਗਾਰ ਥੋਡੀ ਹੋਈ ।

ਸੋਚ ਸੋਚ ਧਾਹ ਮੇਰੀ ਨਿਕਲੇ
ਲਕੋਓ ਲੈਣੇ ਬੇਸ਼ਕੀਮਤੀ ਮੈਂ ਹੀਰੇ
ਕਲਗੀਧਰ ਦੇ ਫਰਜੰਦ ਸੋਹਣੇ
ਅਜੀਤ ਤੇ ਜੁਝਾਰ ਸਿੰਘ ਦੇ ਵੀਰੇ
ਮੈਂ ਹੀ ਜਾਣਾ ਕੀ ਬੀਤੀ ਮੇਰਾ ਤੇ

ਜਦੋ ਜਵਾਨੀ ਤੇ ਆਣ ਕੇ ਖਲੋਈ
ਕੰਧ ਸਰਹਿੰਦ ਦੀ ਮਜ਼ਬੂਰ ਮੈਂ
ਗੁਰੂ ਜੀ ਗੁਨਾਹਗਾਰ ਥੋਡੀ ਹੋਈ ।

ਕਹਿਰ ਵੇਖ ਹਰ ਅੱਖ ਨਮ ਹੋਈ
ਲਾਲ ਲਾਈ ਜਾਂਦੇ ਸੀ ਜੈਕਾਰੇ
ਰਤਾ ਸਿਦਕੋ ਨਾ ਡੋਲ੍ਹੇ ਸੋਹਣੇ
ਪੋਤੇ ਮਾਂ ਗੁਜਰੀ ਦੇ ਪਿਆਰੇ
"ਗੁਰੀ" ਲੇਖਾਂ ਦੇ ਕਰਜ਼ ਚੁੱਕਾਏ
ਕਾਲੇ ਅੱਖਰੀਂ ਲਿਖੀ ਨਾ ਮੈਂ ਮੋਈ ।
ਕੰਧ ਸਰਹਿੰਦ ਦੀ ਮਜ਼ਬੂਰ ਮੈਂ
ਗੁਰੂ ਜੀ ਗੁਨਾਹਗਾਰ ਥੋਡੀ ਹੋਈ ।



ਲਵਪ੍ਰੀਤ ਕੌਰ ਗੁਰੀ




## ਧੋਨੀ ਇਟਲੀ ਵਾਲਾ

ਪਿਤਾ - ਗਗਨ ਦੀਪ ,ਮਾਤਾ- ਏਕਤਾ ਰਾਣੀ
ਜ਼ਿਲ੍ਹਾ - ਜਲੰਧਰ

# ਸਿੱਖ ਇਤਿਹਾਸ: ਸ੍ਰੀ ਗੁਰੂ ਨਾਨਕ ਦੇਵ ਜੀ

ਜਦੋਂ ਅਸੀਂ ਧਾਰਮਿਕ ਜੀਵਨ ਦੀਆਂ ਡੁਘਾਈਆਂ ਵਿਚ ਪ੍ਰਵੇਸ਼ ਕਰਦੇ ਹਾਂ ਤਾਂ ਉਦੋਂ ਸਾਡੇ ਸਿੰਧਾਂਤਾਂ ਦੀ ਵਿਸ਼ੇਸ਼ਤਾ ਖਤਮ ਹੋ ਜਾਂਦੀ ਹੈ ਤੇ ਸਾਨੂੰ ਆਤਮਕ ਸੰਸਾਰ ਦਾ ਗਿਆਨ ਪ੍ਰਾਪਤ ਹੁੰਦਾ ਹੈ । ਜਦੋਂ ਇਨਸਾਨ ਸੱਚਾ ਗੁਰੂ ਧਾਰਕੇ ਗੁਰੁ ਤੇ ਭਰੋਸਾ ਰੱਖਦੇ ਹੋਏ ਕਾਮ, ਕ੍ਰੋਧ ,ਲੋਭ,ਮੋਹ ਅਤੇ ਅੰਹਕਾਰ ਤੇ ਕਾਬੂ ਪਾਕੇ ਮਨ ਨੂੰ ਇਕਾਗਰ ਕਰਕੇ ਗੁਰੂ ਦੇ ਉਪਦੇਸ਼ ਤੇ ਚੱਲਕੇ ਭਗਤੀ ਕਰੇ ਤਾ ਪਰਮਾਤਮਾਂ ਦੀ ਪ੍ਰਾਪਤੀ

ਹੋ ਜਾਂਦੀ ਹੈ, ਪਰਮਾਤਮਾ ਹਰ ਮਨੁਖ ਵਿਚ ਵਸਦਾ ਹੈ।ਸਿੱਖ ਧਰਮ ਦੀ ਨੀਂ ਸਿਰੀ ਗੁਰੂ ਨਾਨਕ ਦੇਵ ਜੀ ਨੇ ਰੱਖੀ ਸੀ। ਨਾ ਹੀ ਸਿੱਖ ਧਰਮ ਹਿੰਦੂ ਧਰਮ ਵਿੱਚੋਂ ਪੈਦਾ ਹੋਈ ਇਕ ਸੁਧਾਰਵਾਦੀ ਲਹਿਰ ਦੇ ਰੂਪ ਵਿਚ ਉਪਜਿਆ, ਅਤੇ ਨਾ ਹੀ ਇਹ ਇਸਲਾਮ ਧਰਮ ਵਿੱਚੋਂ ਆਇਆ ਹੈ ਸਿੱਖ ਧਰਮ ਸੰਸਾਰ ਦੇ ਪ੍ਰਸਿਧ ਧਰਮਾਂ ਤੋਂ ਬਿਲਕੁਲ ਵਖਰਾ, ਵਿਲਖੱਣ ਅਤੇ ਮੌਲਿਕ ਧਰਮ ਹੈ ਸਿਰੀ ਗੁਰੂ ਨਾਨਕ ਦੇਵ ਜੀ ਦੇ ਆਉਣ ਤੋਂ ਪਹਿਲਾਂ ਹਿੰਦੁਸਤਾਨ ਦੀ ਰਾਜਸੀ ,ਧਾਰਮਿਕ ਅਤੇ ਸਮਾਜਿਕ ਸਥੀਤੀ ਬਹੁਤ ਨਿਘਰੀ ਹੋਈ ਸੀ ਹਿੰਦੂ ਧਰਮ ਦਾ ਸਾਰ ਹਰ ਯੁਗ ਵਿਚ ਬਦਲਦਾ ਰਿਹਾ ਹੈ ਵੈਦਿਕ ਯੁਗ,ਬ੍ਰਾਹਮਣ ਯੁਗ ਅਤੇ ਬੋਧੀ ਯਗੁ ਵਿਚ ਵਖਰਾ ਵਖਰਾ ਸੀ ਸ਼ੈਵਾਂ ਲਈ ਇਸਦੇ ਅਰਥ ਕੁਝ ਹੋਰ ਸਨ ਹਿੰਦੂ ਧਰਮ ਦੇ ਤਿੰਨ ਰੂਪ ਕਹੇ ਜਾ ਸਕਦੇ ਹਨ ।


ਦੇਵੀ ਦੇਵਤਿਆਂ ਦਾ ਸਮੂਹ, ਅਤੇ ਉਨ੍ਹਾਂ ਨਾਲ ਜੁੜਿਆ ਹੋਇਆ ਮਿਥਿਹਾਸਕ ਪ੍ਰਸੰਗ ,ਜਾਤ-ਪਾਤ ਜਾਂ ਵਰਣ ਵੰਡ,ਵੇਦ ਸ਼ਾਸਤ੍ਰਾਂ ਦਾ ਦਰਸ਼ਨ ਤੇ ਕਾਵਿ ਭੰਡਾਰ। ਦੇਵੀ ਦੇਵਤਿਆਂ ,ਅਤੇ ਵਰਣ ਵੰਡ ਨੇ ਹਿੰਦੂ ਸਮਾਜ ਵਿਚ ਜਾਤ ਪਾਤ, ਊਂਚ ਨੀਚ,ਅਤੇ ਛੂਆ ਛੂਤ ਨੂੰ ਜਨਮ ਦਿੱਤਾ, ਦੇਵੀ ਦੇਵਤਿਆਂ ਦੀ ਪੂਜਾ ਕਰਨ ਵਾਲੇ ਲੋਕ ਵਖਰੇ ਵਖਰੇ ਫਿਰਕਿਆਂ ਵਿਚ ਵੰਡੇ ਗਏ ,ਦੇਵ ਪੂਜਾ ਤੋਂ ਇਲਾਵਾ ਮੂਰਤੀ ਪੂਜਾ,ਪਸ਼ੂ ਪੂਜਾ,ਸਰਪ ਪੂਜਾ ਅਤੇ ਦਰਖਤਾਂ ਦੀ ਪੂਜਾ ਕਰਨ ਲੱਗ ਗਏ, ਪਹਿਲਾਂ ਪਹਿਲਾਂ ਇਹ ਲੋਕ ਜਿਸ ਚੀਜ ਤੋਂ ਡਰਦੇ ਸਨ ਉਸਦੀ ਉਹ ਪੂਜਾ ਕਰਨ ਲੱਗ ਗਏ ਸਨ ਫੇਰ ਇਨ੍ਹਾਂ ਚੀਜਾਂ ਦੀ ਇਸ ਕਰਕੇ ਪੂਜਾ ਕਰਨ ਲੱਗ ਗਏ ਕਿ ਦਰਖਤ ਫਲ ਅਤੇ ਛਾਂ ਪਰਦਾਨ ਕਰਦੇ ਹਨ, ਸੱਪ ਸ਼ਿਵਜੀ ਦੇ ਗਲ ਵਿਚ ਲਟਕਿਆਂ ਹੋਇਆ ਹੈ, ਚੂਹਾ ਗਣੇਸ ਜੀ ਦੀ ਸਵਾਰੀ ਹੈ ਸ਼ੇਸ਼ਨਾਗ ਤੇ ਵਿਸ਼ਨੂ ਦੇਵਤਾ ਬੈਠੇ ਹੋਏ ਹਨ ਇਹ ਹਿੰਦੂਆਂ ਦਾ ਵਿਸ਼ਵਾਸ ਹੈ ਅਤੇ ਜੀਵ ਜੰਤੂਆਂ ਨੂੰ ਮਾਰਨਾ ਪਾਪ ਵੀ ਹੇ । ਵਰਣ ਵੰਡ ਦੀਆਂ ਕੰਧਾ ਮਜਬੂਤ ਅਤੇ ਉੱਚੀਆਂ ਹੁੰਦੀਆਂ ਗਈਆਂ ਵਰਣ ਵੰਡ ਬਾਰੇ ਹਿੰਦੂਆਂ ਦੇ ਪ੍ਰਸਿਧ ਗ੍ਰੰਥ ਰਿਗ ਵੇਦ ਵਿਚ ਵਰਣ ਵੰਡ ਬਾਰੇ ਲਿਖਿਆ ਹੈ ਕਿ ਬ੍ਰਮਾਂਹਾਂ ਦੇ ਮੂੰਹ ਚੋਂ ਬ੍ਰਾਹਮਣ ਨਿਕਲੇ ਹਨ ਅਤੇ ਕਸ਼ਤਰੀ ਦੋਨੋਂ ਬਾਹਵਾਂ ਚੋਂ, ਵੈਸ਼ ਪੱਟਾਂ ਚੋਂ ਤੇ ਸੂਦਰ ਬ੍ਰਮਾਂਹਾਂ ਦੇ ਪੈਰਾਂ ਚੋਂ ਪੈਦਾ ਹੋਏ ਹਨ । ਮਨੂੰ ਸਮਰਿਤੀ ਵਿਚ ਵਰਣ ਵੰਡ ਚਾਰ ਹਿਸਿਆਂ ਵਿਚ ਵੰਡਿਆ ਗਿਆ ਬ੍ਰਾਹਮਣ,ਕਸ਼ਤਰੀ,ਵੈਸ਼ ਅਤੇ ਸੂਦਰ ਇਹ ਦੂਜੇ ਲੋਕਾਂ ਨੂੰ ਨੀਵਾਂ ਰੱਖਣ ਲਈ ਬ੍ਰਾਹਮਣਾ ਦੀਆਂ ਕੋਝੀਆਂ ਚਾਲਾਂ ਸਨ ਇਸ ਗੱਲ ਦਾ ਖੰਡਣ ਭਗਤ ਕਬੀਰ ਜੀ ਨੇ ਬੜੇ ਕੜੇ ਸ਼ਬਦਾਂ ਵਿਚ ਕੀਤਾ ਹੈ ਉਹ ਕਹਿੰਦੇ ਹਨ ਕਿ ਸਾਰੇ ਜੀਵ ਇੱਕੋ ਰਾਸਤੇ ਥਾਣੀ ਆਏ ਹਨ ਕਹਿਣ ਦਾ ਭਾਵ ਹੈ ਕਿ ਸਾਰੇ ਜੀਵ ਇਸਤਰੀ ਦੀ ਕੁੱਖ ਚੋਂ ਪੈਦਾ ਹੁੰਦੇ ਹਨ ਉਨ੍ਹਾਂ ਨੇ ਜਾਤ ਪਾਤ ਬੁਤ ਪੂਜਾ ਦਾ ਪੁਰਜ਼ੋਰ ਖੰਡਣ ਕੀਤਾ ਹੈ ਉਨ੍ਹਾਂ ਨੇ ਕਿਹਾ ਹੈ ਕੇ ਹੇ ਪੰਡਤ ਜੇ ਤੂੰ ਉੱਚੀ ਜਾਤ ਦਾ ਹੈਂ ਤਾਂ ਤੂੰ ਹੋਰ ਰਸਤਿਉਂ ਕਿਉ ਨਹੀਂ ਆਇਆ ਜੇ ਸਾਡੇ ਵਿਚ ਖੂਨ ਹੈ, ਤਾਂ ਤੇਰੇ ਵਿਚ ਦੁਧ ਤਾਂ ਨਹੀਂ ਤੂੰ ਬ੍ਰਾਹਮਣ ਕਿਸ ਤਰ੍ਹਾਂ ਹੋ ਗਿਆ ਤੇ ਅਸੀਂ ਸੂਦਰ ਕਿਸ ਤਰ੍ਹਾਂ ਹੋ ਗਏ ਅਸੀਂ ਸਾਰੇ ਇਨਸਾਨ ਉਸ ਪਰਮ ਪਿਤਾ ਪਰਮਾਤਮਾਂ ਦੇ ਬਣਾਏ ਹੋਏ ਹਾਂ ਇਸ ਗੱਲ ਦਾ ਉਨ੍ਹਾਂ ਦੀ ਉਚਾਰੀ ਹੋਈ ਬਾਣੀ ਤੋਂ ਪਤਾ ਲਗਦਾ ਹੈ

ਗਉੜੀ ਕਬੀਰ ਜੀ ।।ਗਰਭ ਵਾਸ ਮਹਿ ਕੁਲੁ ਨਹੀਂ ਜਾਤੀ ।।ਬ੍ਰਹਮ ਬਿੰਦ ਤੇ ਸਭ ਉਤਪਾਤੀ

।।1।। ਕਹੁ ਰੇ ਪੰਡਤ ਬਾਮਨ ਕਬ ਤੇ ਹੋਏ।।ਬਾਮਨ ਕਹਿ ਕਹਿ ਜਨਮ ਮਤ ਖੋਏ।।1।।ਰਹਾਉ।। ਜੇ ਤੂੰ ਬ੍ਰਾਮਣ ਬਰਾਮਣੀ ਜਾਇਆ ।।ਤਓ ਆਨਬਾਟ ਕਹੇ ਨਹੀਂ ਆਇਆ ।।2।।ਤੁਮ ਕਤ ਬ੍ਰਾਮਣ ਹਮ ਕਤ ਸੂਦ ।।ਹਮ ਕਤ ਲੋਹੂ ਤੁਮ ਕਤ ਦੂਧ।।3।। ਕਹੁ ਕਬੀਰ ਜੋ ਬ੍ਰਹਮ ਵਿਚਾਰੈ ।।ਸੋ ਬ੍ਰਾਮਣ ਕਹੀਹਤ ਹਮਾਰੈ। ਬ੍ਰਾਹਮਣਾ ਨੇ ਆਵਾਗਵਨ ਦੇ ਸਿਧਾਂਤ ਤੋਂ ਆਪਣੇ ਆਪ ਨੂੰ ਸਾਰਿਆਂ ਤੋਂ ਉੱਚਾ ਬਰਕਰਾਰ ਰੱਖਣ ਵਾਸਤੇ ਇਕ ਯੁਕਤੀ ਘੜ ਲਈ ਕਿ ਹਰ ਇਨਸਾਨ ਆਪਣੇ ਪੂਰਬਲੇ ਜਨਮ ਦੇ ਕਰਮਾਂ ਤੋਂ ਉੱਚੀ ਨੀਂਵੀ ਜਾਤ ਵਿਚ ਪੈਦਾ ਹੁੰਦਾ ਹੈ ਉਨ੍ਹਾਂ ਦਾ ਕਹਿਣਾ ਸੀ ਕਿ ਵੇਦ ਅਤੇ ਸ਼ਾਤਰ ਪੜ੍ਹਣ ਦਾ ਹੱਕ ਕੇਵਲ ਉਨ੍ਹਾਂ ਨੂੰ ਹੀ ਹੈ ਹੋਰਨਾ ਲਈ ਉਨ੍ਹਾਂ ਨੇ ਗਿਆਨ ਦੇ ਬੂਹੇ ਬੰਦ ਕਰ ਦਿੱਤੇ ਸੂਦਰਾਂ ਨੂੰ ਇਹ ਬ੍ਰਾਹਮਣ ਆਪਦੇ ਨੇੜੇ ਨਹੀਂ ਸੀ ਲੱਗਣ ਦਿੰਦੇ ਜੇ ਕੋਈ ਸੂਦਰ ਨਾਲ ਛੂਹ ਵੀ ਜਾਂਦਾ ਤਾਂ ਉਹ ਨਹਾਕੇ ਆਪਣੇ ਆਪ ਨੂੰ ਪਵਿਤਰ ਕਰਦੇ ਸਨ ਉਨ੍ਹਾਂ ਦੇ ਮਨ ਭਾਵੇ ਖੋਟੇ ਸਨ ਕੋਈ ਵੀ ਸੂਦਰ ਪਿੰਡ ਵਿਚ ਜੁੱਤੀ ਪਾਕੇ ਨਹੀਂ ਸੀ ਲਘੰ ਸਕਦਾ।ਸੂਦਰਾਂ ਨੂੰ ਪੰਡਤਾਂ ਦੇ ਬਣਾਏ ਹੋਏ ਖੂਆਂ ਤੋਂ ਪਾਣੀ ਲੈਣ ਦੀ ਮਨਾਹੀ ਸੀ ਬ੍ਰਾਹਮਣਾ ਨੇ ਆਪਣੀਆਂ ਪਰਵਾਰਕ ਅਤੇ ਸਮਾਜਕ ਜਰੂਰਤਾਂ ਦੀ ਪੂਰਤੀ ਅਤੇ ਕਾਮ -ਤ੍ਰਿਪਤੀ ਲਈ ਸ਼ਾਸਤ੍ਰਾਂ ਤੇ ਸਿਮਰਿਤੀਆਂ ਨੂੰ ਸਾਧਨ ਬਣਾਇਆ। ਹੋਲੀ ਹੋਲੀ ਨੀਂਵੀਂਆਂ ਜਾਤਾਂ ਦੇ ਮਨੁੱਖ ਇਨ੍ਹਾਂ



ਉੱਚੀ ਕੁੱਲ ਵਾਲਿਆਂ ਦੇ ਜਰਖਰੀਦ ਗੁਲਾਮ ਸਮਝੇ ਜਾਣ ਲੱਗ ਗਏ ਪਏ ਬ੍ਰਾਹਮਣ ਤਾਂ ਇਕ ਪਾਸੇ ਖਤਰੀ ਜੋ ਸਮਾਜ ਦੇ ਰਾਖੇ ਸਨ ਆਪਣੇ ਜੋਰ ਨਾਲ ਮਾੜਿਆਂ ਨੂੰ ਲੁੱਟਣ ਅਤੇ ਸਤਾਣ ਲੱਗ ਪਏ ਇਹ ਲੋਕ ਧਰਮ ਦੇ ਮਹਾਨ ਆਦਰਸ਼ਾਂ ਨੂੰ ਤਿਆਗ ਕੇ ਆਪਣੀ ਉਦਰ ਪੂਰਤੀ ਅਤੇ ਸਮਾਜਿਕ ਜਰੂਰਤਾਂ ਨੂੰ ਪੂਰਾ ਕਰਨ ਲੱਗ ਗਏ ਬ੍ਰਾਹਮਣਾ ਨੇ ਵਹਿਮਾਂ ਭਰਮਾਂ ਅਤੇ ਵਖਾਵੇ ਦੀਆਂ ਰਸਮਾਂ ਦਾ ਜਾਲ ਫੈਲਾਕੇ ਆਪਣੀ ਦੁਕਾਨਦਾਰੀ ਚਲਾ ਲਈ, ਆਪਣਾ ਪ੍ਰਭਾਵ ਪਾਉਣ ਲਈ ਝੂਠੀਆਂ ਅਤੇ ਕਲਪਿਤ ਕਹਾਣੀਆਂ ਘੜਕੇ ਭੋਲੇ ਭਾਲੇ ਲੋਕਾਂ ਤੇ ਏਸਾ ਪ੍ਰਭਾਵ ਪਾਇਆ ਲੋਕਾਂ ਵਿਚ ਡਰ ਅਤੇ ਵਹਿਮ ਧਾਰਨ ਕਰ ਗਿਆ ਅਤੇ ਇਹ ਲੋਕ ਬ੍ਰਰਾਮਣ ਦੇ ਹੁਕਮ ਨੂੰ ਰੱਬ ਦਾ ਹੁਕਮ ਸਮਝਣ ਲੱਗ ਗਏ। ਹਿੰਦੂ ਸਮਾਜ ਬ੍ਰਾਹਮਣਾ ਦੀ ਇਸ ਵਰਣ ਵੰਡ ਦੀ ਕੌਝੀ ਚਾਲ ਦੇ ਕਾਰਨ ਪੂਰੀ ਤਰ੍ਹਾਂ ਵੰਡਿਆ ਗਿਆ ਸੀ ਇਸ ਗੱਲ ਦਾ ਇਸਲਾਮੀਂ ਲੋਕਾਂ ਨੇ ਪੂਰਾ ਪੂਰਾ ਲਾਭ ਉਠਾਇਆ ਅਰਬ ਮੁਲਕ ਜਿੱਤਣ ਤੋਂ ਬਾਅਦ ਮੁਸਲਮਾਨ ਇਕ ਕੋਮ ਦੇ ਰੂਪ ਵਿਚ ਉਭਰੇ ਸਨ ਉਨ੍ਹਾਂ ਨੇ ਸੰਗਠਿਤ ਰੂਪ ਵਿਚ ਕਾਫ਼ਰ ਹਿੰਦੂਸਤਾਨ ਨੂੰ ਪੈਗੰਬਰ ਮੂਹੱਮਦ ਸਾਹਿਬ ਦੇ ਪ੍ਰਚਾਰੇ ਮਜਹਬ ਇਸਲਾਮ ਦੇ ਪ੍ਰਭਾਵ ਅਧੀਨ ਕਰਨ ਲਈ ਪਿਆਰ ਅਤੇ ਤਲਵਾਰ ਦੋਵਾਂ ਸਾਧਨਾਂ ਨੂੰ ਵਰਤਿਆ ,ਜਿੱਥੇ ਸੂਫ਼ੀ ਪੀਰ ਫ਼ਕੀਰਾਂ ਨੇ ਆਪਣੇ ਉੱਚੇ ਆਚਰਨ ਲੋਕ



**Bhagwan Singh Tagar**

ਸੇਵਾ, ਹਮਦਰਦੀ ਅਤੇ ਸਾਦ ਮੁਰਾਦੇ ਜੀਵਨ ਦੇ ਪ੍ਰਭਾਵ ਨਾਲ ਲੱਖਾਂ ਹਿੰਦੂਆਂ ਨੂੰ ਇਸਲਾਮ ਦੇ ਘੇਰੇ ਵਿਚ ਲਿਆਂਦਾ ,ਉੱਥੇ ਸਮੇਂ ਦੇ ਹਾਕਮ ਮੁਸਲਮਾਨਾਂ ਨੇ ਆਪਣੇ ਵਿਰੋਧੀਆਂ ਨੂੰ ਤੁਰਕਾਨੀ ਤਰੀਕਿਆਂ ਨਾਲ ਮਾਰਿਆ ਅਤੇ ਲਤਾੜਿਆ ਉਨ੍ਹਾਂ ਦਾ ਕਹਿਣਾ ਸੀ ਕਿ ਜਿਹੜਾ ਇਸਲਾਮ ਨੂੰ ਨਹੀਂ ਮਨੰਦਾ ਉਹ ਕਾਫ਼ਰ ਹੈ, ਕਾਫ਼ਰ ਤਾਂ ਉਨ੍ਹਾਂ ਨੂੰ ਕਿਹਾ ਜਾਂਦਾ ਹੈ ਜਿਹੜਾ ਨਾਸਤਕ ਹੁੰਦਾ ਹੈ ਤੇ ਉਹ ਕਿਸੇ ਵੀ ਧਰਮ ਜਾਂ ਰੱਬ ਵਿਚ ਵਿਸ਼ਵਾਸ ਨਹੀਂ ਰੱਖਦਾ ਪਰ ਇਸਲਾਮ ਨੇ ਇਸ ਗੱਲ ਦਾ ਗਲਤ ਅਰਥ ਕੱਢਕੇ ਕਿਹਾ ਕਿ ਜਿਹੜਾ ਇਸਲਾਮ ਨੂੰ ਨਹੀਂ ਮੰਨਦਾ ਉਹ ਕਾਫ਼ਰ ਹੈ ਅਤੇ ਉਨ੍ਹਾਂ ਦਾ ਇਕੋ ਫਰਮਾਨ ਸੀ ਜਾਂ ਤਾਂ ਮੁਸਲਮਾਨ ਬਣ ਜਾਉ ਤੇ ਜਾਂ ਫੇਰ ਕਤਲ ਕਰ ਦਿਤੇ ਜਾਉਗੇ ਮੁਸਲਮਾਨ ਸ਼ਾਸਕਾਂ ਨੇ ਤਲਵਾਰ ਦੇ ਜੋਰ ਤੇ ਕਰੋੜਾ ਹੀ ਲੋਕ ਮੁਸਲਮਾਨ ਬਣਾ ਲਏ ਅਤੇ ਜਿਹੜੇ ਮੁਸਲਮਾਨ ਧਰਮ ਨੂੰ ਅਪਨਾਉਣ ਵਾਸਤੇ ਤਿਆਰ ਨਹੀਂ ਹੋਏ ਉਹ ਮੌਤ ਦੇ ਘਾਟ ਉਤਾਰ ਦਿੱਤੇ ਗਏ। ਇਸਲਾਮ ਜਿਸਨੇ ਇਕ ਖੁਦਾ ਨੂੰ ਸਭਦਾ ਪਿਤਾ ਅਤੇ ਸਾਰੇ ਮਨੁੱਖਾਂ ਨੂੰ ਆਪਸ ਵਿਚ ਭਾਈ ਭਾਈ ਹੋਣ ਦਾ ਅਸੂਲ ਪਰਚਾਰਿਆ ,ਹਿੰਦੁਸਤਾਨ ਵਿਚ ਆਉਣ ਤੋਂ ਬਾਅਦ ਵਾਸਤਵਿਕ ਫਲ਼ਸਫੇ ਦੇ ਉਲਟ ਵਹਿਣ ਵਿਚ ਵਹਿ ਗਿਆ ਸ਼ਰੀਅਤ ਦੇ ਪਰਭਾਵ ਕਾਰਨ ਮੁਸਲਮਾਨ ਕੇਵਲ ਮੁਸਲਮਾਨਾਂ ਨੂੰ ਹੀ ਇਨਸਾਨ ਸਮਝਣ ਲੱਗੇ ਅਤੇ ਉਨ੍ਹਾਂ ਦਾ ਕਹਿਣਾ ਸੀ ਕਿ ਹਿੰਦੂ ਕਾਫ਼ਰਾਂ ਨੂੰ ਸ਼ਰੀਅਤ ਅਨੂੰਸਾਰ ਮੁਹੱਮਦ ਸਾਹਬ ਦੇ ਦੀਨ ਵਿਚ ਲਿਆਉਣਾ ਜਾਂ ਮਾਰਨਾ ਸ਼ਰੀਅਤ ਅਨੂਸਾਰ ਜਾਇਜ ਹੈ। ਸੂਦਰਾਂ ਦਾ ਕਹਿਣਾ ਸੀ ਕਿ ਇਹ ਹਿੰਦੂ ਉਨ੍ਹਾਂ ਨੂੰ ਨਾਲ ਨਹੀਂ ਰਲਾਉਂਦੇ ਤੇ ਦੁਜੇ ਪਾਸੇ ਇਸਾਈ ਲੋਕ ਨਾਲ ਰਲਾਉਣ ਤੋਂ ਇਲਾਵਾ ਇਕ ਸਮਾਨ ਸਮਝਦੇ ਹਨ ਇਸ ਕਰਕੇ ਬਹੁਤੇ ਸੂਦਰ ਇਸਾਈ ਬਣ ਗਏ।ਸਿੱਖ ਧਰਮ ਜਿਹੜਾ ਸਿਰੀ ਗੁਰੂ ਨਾਨਕ ਦੇਵ ਜੀ ਤੌਂ ਅਰੰਭ ਹੋਇਆ ਇਹ ਬਿਲਕੂਲ ਵਖਰਾ ਧਰਮ ਹੈ

ਬੰਦਾ ਸਿੰਘ ਬਹਾਦਰ

ਔਰੰਗਜੇਬ ਦੀ ਮੌਤ ਤੋਂ ਬਾਅਦ ਸਿਰੀ ਗੁਰੁ ਗੋਬਿੰਦ ਸਿੰਘ ਜੀ ਜਿਹੜੇ ਪਹਿਲਾਂ ਹੀ ਦੱਖਣ ਵੱਲ ਜਾ ਰਹੇ ਸਨ ਦਿੱਲੀ ਵਾਪਸ ਆ ਗਏ ਔਰੰਗਜੇਬ ਦੇ ਪੁੱਤਰਾਂ ਵਿਚਕਾਰ ਗੱਦੀ ਵਾਸਤੇ ਲੜਾਈ ਛਿੜ ਪਈ ਕਿਉਂਕਿ ਔਰੰਗਜੇਬ ਦੇ ਪੁੱਤਰ ਆਜ਼ਮ ਨੇ ਦੱਖਣ ਵਿਚ ਆਪਣੇ ਆਪ ਨੂੰ ਬਾਦਸ਼ਾਹ ਹੋਣ ਦਾ ਐਲਾਨ ਕਰ ਦਿੱਤਾ ਸੀ ਵੱਡਾ ਪੁੱਤਰ ਬਹਾਦਰ ਸ਼ਾਹ (ਮੁਅੱਜਮ) ਦੱਖਣ ਦੀ ਲੜਾਈ ਨਾ ਪਸੰਦ ਕਰਦਾ ਸੀ ਇਸ ਕਰਕੇ ਉਹ ਔਰੰਗਜੇਬ ਦੇ ਗੁੱਸੇ ਦਾ ਸ਼ਿਕਾਰ ਹੋਇਆ ਅਤੇ ਔਰੰਗਜੇਬ ਨੇ ਉਸਨੂੰ ਸਨ 1695 ਵਿਚ ਅਫ਼ਗਾਨਿਸਤਾਨ ਦਾ ਗਵਰਨਰ ਬਣਾਕੇ ਭੇਜ ਦਿੱਤਾ ਸੀ ਅਤੇ ਉਹ ਆਜ਼ਮ ਦਾ ਮੁਕਾਬਲਾ ਕਰਨ ਵਾਸਤੇ ਪਿਸ਼ਾਵਰ ਤੋਂ ਆਇਆ ਅਤੇ ਆਗਰੇ ਦੇ ਨੇੜੇ 8 ਜੂਨ 1707 ਵਿਚ ਜਾਜੋ ਦੇ ਮੁਕਾਮ ਤੇ ਲੜਾਈ ਲੜੀ ਗਈ ਜਿਸ ਵਿਚ ਬਹਾਦਰ ਸ਼ਾਹ ਵਿਜਈ ਹੋਇਆ ਇਸ ਲੜਾਈ ਵਿਚ ਗੁਰੂ ਜੀ ਦੀ ਹਮਦਰਦੀ ਉਨ੍ਹਾਂ ਦੇ ਪੁਰਾਨੇ ਮਿੱਤਰ ਬਹਾਦਰ ਸ਼ਾਹ ਨਾਲ ਸੀ ਕਿਉਂਕਿ ਪਹਾੜੀ ਹਿੰਦੂ ਰਾਜਿਆਂ ਨੇ ਗੁਰੂ ਗੋਬਿੰਦ ਸਿੰਘ ਜੀ ਵਿਰੂਧ ਉਸਦੇ ਕੰਨ ਭਰਨ ਦੀ ਬਹੁਤ ਕੋਸ਼ਿਸ ਕੀਤੀ ਸੀ ਪਰ ਮੂਅੱਜਮ ਉਨ੍ਹਾਂ ਦੇ ਢਹੇ ਨਹੀਂ ਸੀ ਚੜ੍ਹਿਆ ਬਹਾਦਰ ਸ਼ਾਹ ਸਾਰੇ ਭਰਾਵਾਂ ਚੋਂ ਚੰਗੇ ਸੁਭਾਅ ਦਾ ਸੀ ਭਾਈ ਨੰਦ ਲਾਲ ਜੀ ਬਹਾਦਰ ਸ਼ਾਹ ਦੇ ਮੀਰ ਮੁਨਸ਼ੀ (ਚੀਫ਼ ਸੈਕਟਰੀ )ਸਨ ਅਤੇ ਔਰੰਗਜੇਬ ਉਨ੍ਹਾਂ ਨੂੰ ਮੁਸਲਮਾਨ ਬਣਾਉਣਾ ਚਾਹੁੰਦਾ ਸੀ ਜਦੋਂ ਭਾਈ ਨੰਦਲਾਲ ਜੀ ਨੇ ਬਹਾਦਰ ਸ਼ਾਹ ਨਾਲ ਇਸ ਗੱਲ ਦਾ ਜ਼ਿਕਰ ਕੀਤਾ ਤਾਂ ਬਹਾਦਰ ਸ਼ਾਹ ਨੇ ਭਾਈ ਨੰਦ ਲਾਲ ਜੀ ਨੂੰ ਇਹ ਕਹਿਕੇ ਗੁਰ ਜੀ ਪਾਸ ਭੇਜ ਦਿੱਤਾ ਕਿ ਇਕ ਉਹੀ ਜਗ੍ਹਾ ਹੈ ਜਿਥੇ ਤੁਸੀਂ ਮਹਿਫੂਜ ਰਹਿ ਸਕਦੇ ਹੋ ਅਤੇ ਭਾਈ ਨੰਦ ਲਾਲ ਜੀ ਬਹਾਦਰ ਸ਼ਾਹ ਦੀ ਸਲਾਹ ਮੰਨਕੇ ਗੁਰੂ ਜੀ ਪਾਸ ਆਗਏ ਸਨ ਅਤੇ ਉਹ ਗੁਰੂ ਜੀ ਦੇ 52 ਕਵੀਆਂ ਵਿੱਚੋਂ ਸਨ। ਬਹਾਦਰ ਸ਼ਾਹ ਨੇ ਗੁਰੁ ਜੀ ਪਾਸੋਂ ਮਦਦ ਮੰਗੀ ਤਾਂ ਗੁਰੂ ਜੀ ਨੇ ਆਪਣੀ ਇਕ ਸੈਨਿਕ ਟੁਕੜੀ ਭਾਈ ਦਇਆ ਸਿੰਘ ਅਤੇ ਧਰਮ ਸਿੰਘ ਦੀ ਕਮਾਂਡ ਹੇਠ ਜਾਜੋ ਦੀ ਲੜਾਈ ਵਿਚ ਭੇਜ ਦਿੱਤੀ ਅਤੇ ਇਹ ਭੀ ਕਿਹਾ ਕਿ ਅਸੀਂ ਭੀ ਪਹੁੰਚ ਜਾਵਾਂਗੇ ਇਸ ਲੜਾਈ ਵਿਚ ਪਹਿਲਾਂ ਆਜਮ ਦਾ ਪੁੱਤਰ ਬੇਦਾਰ ਬਖ਼ਤ ਮਾਰਿਆ ਗਿਆ ਅਤੇ ਫੇਰ ਆਜਮ ਤੀਰ ਦਾ ਸ਼ਿਕਾਰ ਹੋਇਆ ਕਿਹਾ ਇਹ ਵੀ ਜਾਂਦਾ ਹੈ ਕਿ ਆਜਮ ਦੀ ਮੌਤ ਗੁਰੁ ਜੀ ਦੇ ਤੀਰ ਨਾਲ ਹੋਈ ਸੀ ਇਸ ਲੜਾਈ ਵਿਚ ਬਹਾਦਰ ਸ਼ਾਹ (ਮੁਅੱਜਮ) ਦੀ ਜਿਤ ਹੋਈ ਇਸ ਲੜਾਈ ਵਿਚ ਗੁਰੁ ਜੀ ਵੱਲੋਂ ਬਹਾਦਰ ਸ਼ਾਹ ਦੀ ਕੀਤੀ ਮਦਦ ਕਰਕੇ ਬਹਾਦਰ ਸ਼ਾਹ ਅਤੇ ਗੁਰੂ ਜੀ ਹੋਰ ਵੀ ਨੇੜੇ ਹੋ ਗਏ ਅਤੇ ਬਹਾਦਰ ਸ਼ਾਹ ਨੇ ਗੁਰੂ ਜੀ ਨੂੰ ਆਗਰੇ ਸੱਦਿਆ ਇਸ ਲੜਾਈ ਤੋਂ ਬਾਅਦ ਗੁਰੁ ਜੀ ਸਿੰਘਾਂ ਸਮੇਤ ਆਗਰੇ ਚਲੇ ਗਏ ਸਨ ਉਸਨੇ ਆਗਰੇ ਵਿਚ ਸ਼ਾਹੀ ਦਰਬਾਰ ਲਗਾਇਆ ਅਤੇ ਵਜੀਰਾਂ ਅਮੀਰਾਂ ਨੂੰ ਇਨਾਮ ਵੰਡਣ ਦੇ ਨਾਲ ਨਾਲ ਸਿੰਘਾਂ ਨੂੰ ਵੀ ਇਨਾਮ ਸਿਰੋਪੇ ਦਿੱਤੇ ਗਏ ਅਤੇ ਬਹਾਦਰ ਸ਼ਾਹ ਨੇ ਬੜੇ ਸਤਿਕਾਰ ਨਾਲ ਗੁਰੁ ਜੀ ਦੀ ਸੇਵਾ ਵਿਚ ਬਹੁਤ ਕੀਮਤੀ ਖਿਲਅਤ (ਸਰੋਪਾ) ਅਤੇ ਇਕ ਧੁਖਧੁਖੀ ਜਿਸਦੀ ਕੀਮਤ 60 ਹਜਾਰ ਰੁਪਏ ਸੀ ਭੇਂਟ ਕੀਤੀ ਗੁਰੂ ਜੀ ਬਾਦਸ਼ਾਹ ਨੂੰ ਮਿਲਕੇ ਬੜੇ ਖੁਸ਼ ਹੋਏ ਜਿਹੜੇ ਜਰਨੈਲਾਂ ਨੇ ਆਜਮ ਦੀ ਮਦਦ ਕੀਤੀ ਸੀ ਸਤਿਗੁਰੂ ਜੀ ਦੀ ਪਰੇਰਨਾ ਨਾਲ ਬਹਾਦਰ ਸ਼ਾਹ ਨੇ ਉਨ੍ਹਾਂ ਸਭਨਾਂ ਨਾਲ ਚੰਗਾ ਵਰਤਾਵ ਕੀਤਾ।ਗੁਰੂ ਜੀ ਦੀ ਬਹਾਦਰ ਸ਼ਾਹ ਨਾਲ ਹੋਈ ਇਸ ਮੁਲਾਕਾਤ ਤੋਂ ਬਾਅਦ ਮੁਗਲਾਂ ਨਾਲ ਇਕ ਯੁਗ ਪੁਰਾਣੇ ਮਤਭੇਦ ਸਮਾਪਤ ਕਰਨ ਦੀ ਸੰਭਾਵਨਾ ਜਾਪੀ ।ਬਹਾਦਰ ਸ਼ਾਹ ਦੇ ਤਖ਼ਤ ਤੇ ਬਹਿਣ ਕਰਕੇ ਪੰਜਾਬ ਵਿਚ ਅਮਨ ਦੀ ਆਸ ਵਧੇਰੇ ਬੱਝ ਗਈ ਸੀ ਜਿਹੜੀ ਔਰੰਗਜੇਬ ਦੀ ਲਾਹੋਰ ਅਤੇ ਸਰਹਿੰਦ ਦੇ ਸੂਬਿਆਂ ਨੂੰ ਗੁਰੂ ਜੀ ਨੂੰ ਤੰਗ ਨਾ ਕਰਨ ਦੀ ਹਿਦਾਇਤ ਤੋਂ ਅਰੰਭ ਹੋਈ ਸੀ ਬਹਾਦਰ ਸ਼ਾਹ ਨੇ ਇਨ੍ਹਾਂ ਦੋਸ਼ੀਆਂ ਨੂੰ ਦੰਡ ਦੇਣ ਦਾ ਇਕਰਾਰ ਭੀ ਕਰ ਲਿਆ ਸੀ ਅਤੇ ਗੁਰੂ ਜੀ ਨੂੰ ਜਾਪਦਾ ਸੀ ਕਿ ਜੋ ਕੁਝ ਸਿਰੇ ਚਾੜ੍ਹਣ ਲਈ ਉਨ੍ਹਾਂ ਨੂੰ ਪਹਿਲਾਂ ਹਥਿਆਰ ਵਰਤਨੇ ਪਏ ਸਨ ਉਹ ਕੁਝ ਸ਼ਾਇਦ ਗੱਲ ਬਾਤ ਰਾਹੀਂ ਨਪੇਰੇ ਚੜ੍ਹ ਸਕੇ ਫੇਰ ਖੂਨ ਖਰਾਬਾ ਕਾਹਦੇ ਵਾਸਤੇ ਕਰਨਾ ਹੈ ਗੁਰੁ ਜੀ ਖੂਨ ਖਰਾਬੇ ਦੇ ਵਿਰੁਧ ਸਨ ਇਸ ਕਰਕੇ ਗੁਰੁ ਜੀ ਨੇ ਬਹਾਦਰ ਸ਼ਾਹ ਨਾਲ ਦੱਖਣ ਜਾਣਾ ਮੰਨ ਲਿਆ ਜਿਹੜਾ ਆਪਣੇ ਭਰਾ ਕਾਮ ਬਕਸ਼ ਦੀ ਬਗਾਵਤ ਨੂੰ ਦਬਾਅੁਣ ਵਾਸਤੇ ਜਾ ਰਿਹਾ ਸੀ।

ਗੁਰੂ ਗੋਬਿੰਦ ਸਿੰਘ ਜੀ ਨੇ ਕਈ ਮਹੀਨਿਆਂ ਤੱਕ ਬਹਾਦਰ ਸ਼ਾਹ ਨੂੰ ਪ੍ਰੇਰਨ ਦਾ ਯਤਨ ਕੀਤਾ ਸੀ ਕਿ ਵਜੀਰ ਖਾਨ ਵਿਰੱਧੂ ਕਾਰਵਾਈ ਕਰੇ ਜਿਸਨੇ ਦੋ ਛੋਟੇ ਸਾਹਿਬ ਜਾਦਿਆਂ ਨੂੰ ਦਿਵਾਰ ਵਿਚ ਚਿਣਕੇ ਕੋਹਕੇ ਮਾਰਿਆ ਸੀ ਅਤੇ ਲੜਾਈ ਵਿਚ ਹਜਾਰਾਂ ਸਿਖਾਂ ਦੇ ਨਾਲ ਦੋ ਵੱਡੇ ਸੋਬਿਜਾਦੇ ਵੀ ਸ਼ਹੀਦ ਹੋਏ ਸਨ ਵਜੀਰ ਖਾਨ ਗੁਰੁ ਜੀ ਦਾ ਸ਼ੂਰੂ ਤੋਂ ਹੀ ਕੱਟੜ ਦੁਸ਼ਮਨ ਬਣਿਆ ਹੋਇਆ ਸੀ ਅੰਤ ਵਿਚ ਗੁਰੁ ਜੀ ਇਸ ਸਿੱਟੇ ਤੇ ਪਹੁੰਚੇ ਕਿ ਮੁਗਲ ਹਾਕਮਾਂ ਪਾਸੋਂ ਨਿਆਂ ਦੀ ਆਸ ਰੱਖਣੀ ਫ਼ਜ਼ੂਲ ਹੈ। **(ਚਲਦਾ)**

# ਆਓ, ਪਹਿਲਾਂ ਆਪਣੀ ਪੀੜ੍ਹੀ ਥੱਲੇ ਸੋਟਾ ਫੇਰੀਏ

ਲੋਕ ਕਹਿੰਦੇ ਨੇ ਕਿ ਤੂੰ ਅਪਣੇ ਹੀ ਧਰਮ ਦੇ ਖਿਲਾਫ ਬੋਲਦਾ ਹੈ। ਜਦੋਂ ਮੇਰੇ ਆਪਣੇ ਘਰ ਦੀਆਂ ਪੌੜੀਆਂ ਮੈਲੀਆਂ ਹਨ ਤਾਂ ਮੈਂ ਗੁਆਂਢੀਆਂ ਦੀ ਛੱਤ 'ਤੇ ਪਈ ਗੰਦਗੀ ਦੀ ਆਲੋਚਨਾ ਕਰ ਹੀ ਨਹੀਂ ਸਕਦਾ।ਮੈਂ ਕਿਸੇ ਧਰਮ ਖਿਲਾਫ ਨਹੀਂ ਬਲਕਿ ਧਾਰਮਿਕ ਪੱਖ ਤੋਂ ਕੀਤੇ ਜਾਂਦੇ ਪਾਖੰਡਾਂ ਦੇ ਖਿਲਾਫ ਹਾਂ। ਆਪਾਂ ਕਿਉਂ ਕਹੀਏ ਕਿ ਦੂਜੇ ਧਰਮ ਮਾੜੇ ਹਨ। ਹਾਂ ਜਿਹੜੇ ਪਾਖੰਡ ਕਰਦੇ ਹਨ, ਉਹ ਗਲਤ ਹੋ ਸਕਦੇ ਹਨ। ਆਪਾਂ ਕਿਉਂ ਕਹੀਏ ਕਿ ਯਿਸ਼ੂ ਨੇ ਰੱਬ ਨੂੰ ਉਲਾਂਭਾ ਦਿੱਤਾ ਸੀ। ਕੀ "ਏਤੀ ਮਾਰ ਪਈ ਕੁਰਲਾਣੈ, ਤੈਂ ਕੀ ਦਰਦੁ ਨਾ ਆਇਆ" ਰੱਬ ਨੂੰ ਉਲਾਂਭਾ ਨਹੀਂ ਸੀ??? ਅਸੀਂ ਕਿਉਂ ਕਹੀਏ ਕਿ ਇਹ ਗੱਲ ਵਿੱਚ ਲੌਕਟ ਪਾਉਂਦੇ ਹਨ। ਕੀ ਖੰਡੇ ਅਤੇ ਏਕ ਓਂਕਾਰ ਦੇ ਲੌਕਟ ਅਤੇ ਟੈਟੂਆਂ ਤੋਂ ਆਪਾਂ ਵਾਂਝੇ ਰਹੇ ਹਾਂ??? ਅਸੀਂ ਨਹੀਂ ਕਹਿ ਸਕਦੇ ਕਿ ਤੁਸੀਂ ਪਾਖੰਡ ਕਰਦੇ ਹੋ। ਕੀ ਅਸੀਂ ਪਾ ਕੇ ਗਾਤਰੇ ਪੁੱਛਾਂ ਦੇਣ ਵਾਲਿਆਂ ਸਾਧਾਂ-ਪਾਖੰਡੀਆਂ ਕੋਲ ਨਹੀਂ ਜਾਂਦੇ??? ਅਸੀਂ ਕਿਹੜੇ ਮੂੰਹ ਨਾਲ ਬੇਅਦਬੀ ਦੀਆਂ ਗੱਲਾਂ ਕਰ ਸਕਦੇ ਹਾਂ। ਕੀ ਪਿੰਡਾਂ ਦਿਆਂ ਡੇਰਿਆਂ ਵਿੱਚ ਬੇਅਦਬੀਆਂ ਨਹੀਂ ਹੋ ਰਹੀਆਂ? ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਕਿਸੇ ਸਾਧ-ਪਾਖੰਡੀ ਨੂੰ ਪੂਜਣਾ ਬੇਅਦਬੀ ਨਹੀਂ??? ਯਿਸ਼ੂ ਨੂੰ ਮੰਨਣ ਵਾਲੇ ਪ੍ਰਮੇਸ਼ਵਰ ਨੂੰ (ਪਰਓ) ਅਰਦਾਸ ਕਰਦੇ ਹਨ ਕਿ ਸਾਡੀ ਇਹ ਇੱਛਾ ਪੂਰੀ ਹੋ ਜਾਵੇ। ਕੀ ਆਪਾਂ 51 ਜਾਂ 101 ਰੁਪਏ ਦੀ ਦੇਗ ਸੁੱਖ ਕੇ ਅਰਦਾਸਾਂ ਨਹੀਂ ਕਰਵਾਉਂਦੇ??? ਆਪਾਂ ਪਾਠਾਂ ਦੀਆਂ ਲੜੀਆਂ ਚਲਾ ਦਿੰਦੇ ਹਾਂ, ਸਹਿਜ ਪਾਠ ਰਖਵਾ ਲੈਂਦੇ ਹਾਂ, ਕੀ ਅਸੀਂ ਕਦੇ ਕੋਲ ਬਹਿ ਕੇ ਸੁਣਦੇ ਹਾਂ??? ਆਰਕੈਸਟਰਾ ਵਾਲੀ 'ਤੇ ਆਪਾਂ ਨੋਟਾਂ ਦੀ ਬੌਛਾੜ ਕਰ ਦਿੰਦੇ ਹਾਂ ਤੇ ਕੀ ਅਰਦਾਸ ਕਰਨ ਵਾਲੇ ਭਾਈ ਜੀ ਨਾਲ ਆਪਾਂ ਬਾਰਗੇਨਿੰਗ ਨਹੀਂ ਕਰਦੇ???

ਨਾ ਹੀ ਆਪਾਂ ਹਿੰਦੂ ਧਰਮ ਨੂੰ ਮਾੜਾ ਬੋਲ ਸਕਦੇ ਹਾਂ। ਤੁਸੀਂ ਕਰੋ ਗੱਲ ਕਿ ਮੂਰਤੀਆਂ ਪੂਜਦੇ ਹਨ। ਕੀ ਮੂਰਤੀਆਂ ਦਾ ਖੰਡਨ ਕਰਨ ਵਾਲੀ ਪਹਿਲੀ ਪਾਤਸ਼ਾਹੀ ਦੀਆਂ ਮੂਰਤੀਆਂ ਸ਼ਰੇਆਮ ਨਹੀਂ ਵੇਚੀਆਂ-ਖਰੀਦੀਆਂ ਜਾ ਰਹੀਆਂ??? ਮੂਰਤੀਆਂ ਨੂੰ ਦੁੱਧ ਪਿਆਉਣ ਦੀ ਗੱਲ ਕਰਦੇ ਹਾਂ ਅਸੀਂ। ਕੀ ਅਸੀਂ ਦੁੱਧ ਜਾਂ ਕੱਚੀ ਲੱਸੀ ਨਾਲ ਗੁਰੂ ਅਸਥਾਨ ਨੂੰ ਨਹੀਂ ਧੋਂਦੇ??? ਜੇ ਆਪਣੇ ਲਈ ਹਾਲੇਲੂਈਆ, ਰਾਮ, ਅਲਾੱਹ ਮਾੜਾ ਹੈ ਤਾਂ ਉਹਨਾਂ ਨੂੰ ਕਿਵੇਂ ਕਹਿ ਦਈਏ ਕਿ ਸਾਡੇ ਵਾਹਿਗੁਰੂ ਨੂੰ ਚੰਗਾ ਹੀ ਕਹੋ ਮਾੜਾ ਨਾ ਕਹੋ। ਉਹ ਤੀਰਥਾਂ 'ਤੇ ਜਾਂਦੇ ਵੀ ਆਪਾਂ ਨੂੰ ਚੁੱਭਦੇ ਹਨ, ਤੇ ਕੀ ਆਪਾਂ ਹਜ਼ੂਰ ਸਾਹਿਬ, ਹੇਮਕੁੰਟ ਨਹੀਂ ਜਾਂਦੇ??? ਉਹਨਾਂ ਦੇ ਜਨੇਊ ਤੇ ਬੋਦੀਆਂ ਆਪਾਂ ਨੂੰ ਪਸੰਦ ਨਹੀਂ ਤਾਂ ਕਿਵੇਂ ਕਹਿ ਦਈਏ ਕਿ ਸਾਡੇ ਗਾਤਰੇ ਤੇ ਜੂੜੇ ਦੀ ਇੱਜ਼ਤ ਕਰੋ। ਉਹਨਾਂ ਦੀਆਂ ਬਲੀਆਂ ਵੇਲੇ ਸਾਨੂੰ ਜੀਵ ਹੱਤਿਆ 'ਤੇ ਤਰਸ ਆਉਂਦੈ ਤਾਂ ਕੀ ਆਪਾਂ ਹਜ਼ੂਰ ਸਾਹਿਬ ਬੱਕਰੇ ਨਹੀਂ ਝੱਟਕਾਉਂਦੇ??? ਅਸੀਂ ਸਰੋਵਰ 'ਚ ਇਸ਼ਨਾਨ ਕਰੀਏ ਤਾਂ ਅਸੀਂ ਰੋਗ ਮੁਕਤ ਹੋ ਜਾਂਦੇ ਹਾਂ, ਸਾਡੀਆਂ ਅੱਖਾਂ ਦੀ ਰੌਸ਼ਨੀ ਵਾਪਿਸ ਆ ਜਾਂਦੀ ਐ ਤਾਂ ਇਹੀ ਚਮਤਕਾਰ ਜਦੋਂ ਦੂਜੇ ਕਰਨ ਤਾਂ ਆਪਾਂ ਨੂੰ ਤਕਲੀਫ ਕਿਉਂ ਹੁੰਦੀ ਹੈ??? ਕਿਸੇ ਗੁਰੂ ਸਾਹਿਬਾਨ ਨੇ ਇਹ ਨਹੀਂ ਕਿਹਾ ਕਿ ਜੇ ਤੁਹਾਡੇ ਕਿਸੇ ਨਾਲ ਵਿਚਾਰਕ ਮੱਤਭੇਦ ਹਨ ਤਾਂ ਉਸਨੂੰ ਮਾਂ-ਭੈਣ ਦੀਆਂ ਗਾਲ੍ਹਾਂ ਕੱਢੋ ਜਾਂ ਹਥਿਆਰ ਚੁੱਕ ਲਵੋ। ਕੌਮ ਖਾਤਿਰ ਤਲਵਾਰਾਂ ਚੁੱਕੋ ਪਰ ਪਹਿਲਾਂ ਆਪਣੀ ਕੌਮ ਨੂੰ ਇੱਕ ਤਾਂ ਕਰ ਲਵੋ। ਦੂਜਿਆਂ ਨੂੰ ਆਪਣੇ ਧਰਮ ਨਾਲ ਜੋੜਨ ਤੋਂ ਪਹਿਲਾਂ ਖੁੱਦ ਆਪਣੇ ਧਰਮ ਵਿੱਚ ਆਏ ਪਾਖੰਡਾਂ ਨੂੰ ਤਾਂ ਖਤਮ ਕਰ ਲਈਏ। ਤੁਹਾਡੇ ਗਾਤਰੇ, ਬਾਣੀ ਅਤੇ ਬਾਣੇ, ਕਰੌਸ ਵਾਲੇ ਲੌਕਟ, ਮੂਰਤੀ ਪੂਜਾ, ਜਾਂ ਕੋਈ ਵੀ ਧਾਰਮਿਕ ਰਿਵਾਜ਼ ਉਦੋਂ ਤੱਕ ਸਿਰਫ ਡਰਾਮਾ ਅਤੇ ਬੇਤੁਕਾ ਹੈ, ਜਦੋਂ ਤੱਕ ਤੁਹਾਨੂੰ ਇਨਸਾਨੀਅਤ ਬਾਰੇ ਹੀ ਨਹੀਂ ਪਤਾ। ਤੁਹਾਡੇ ਵਿੱਚ ਸਬਰ-ਸੰਤੋਖ ਨਹੀਂ, ਤੁਹਾਨੂੰ ਦੂਜਿਆਂ ਨਾਲ ਗੱਲ ਕਰਨ ਦੀ ਲਿਆਕਤ ਨਹੀਂ, ਤੁਸੀਂ ਇੱਕ ਚੰਗੇ ਅਤੇ ਇਮਾਨਦਾਰ ਇਨਸਾਨ ਨਹੀਂ ਤਾਂ ਲਾਹਨਤ ਹੈ ਤੁਹਾਡੇ ਧਾਰਮਿਕ ਹੋਣ 'ਤੇ।

**ਵੈਦ ਬਲਵਿੰਦਰ ਸਿੰਘ ਢਿੱਲੋ**



# ਮਾਸਟਰ ਜ਼ੋਰਾ ਸਿੰਘ ਦਾ ਜ਼ੋਰ

"ਇਹਨੂੰ ਮੈਂ ਬਣਾਊਂ ਡੀਸੀ, ਵੇਖੀ ਜਾਇਓ।" ਇਹ ਸ਼ਬਦ ਸਾਡੇ ਅੰਗਰੇਜ਼ੀ ਵਾਲੇ ਤੇ ਕਲਾਸ ਇੰਚਾਰਜ ਮਾਸਟਰ ਜ਼ੋਰਾ ਸਿੰਘ ਜੀ ਨੇ ਮੇਰੇ ਪਾਪਾ ਜੀ ਨੂੰ ਓਦੋਂ ਕਹੇ ਜਦੋਂ ਉਹ ਸਾਰੇ ਆਥਣੇ ਜਿਹੇ ਸਕੂਲ ਹੈਡਮਾਸਟਰ ਸ੍ਰੀ ਗੁਰਚਰਨ ਸਿੰਘ ਮੁਸਾਫ਼ਿਰ ਦੀ ਚੁਬਾਰੀ ਵਿੱਚ ਬੈਠੇ ਕੈਮੀਕਲ ਯੁਕਤ ਤਰਲ ਪਦਾਰਥ ਦਾ ਸੇਵਨ ਕਰ ਰਹੇ ਸਨ। ਉਸ ਮਹਿਫ਼ਿਲ ਵਿੱਚ ਮਾਸਟਰ ਜ਼ੋਰਾ ਸਿੰਘ ਦੇ ਛੋਟੇ ਭਰਾ ਮਾਸਟਰ ਗੁਰਲਾਭ ਸਿੰਘ ਵੀ ਹਾਜਰ ਸਨ ਉਹ ਵੀ ਸਾਡੇ ਸਕੂਲ ਵਿੱਚ ਹੀ ਪੜ੍ਹਾਉਂਦੇ ਸਨ। ਮੇਰਾ ਨਿੱਕ ਨੇਮ ਡੀਸੀ ਸੀ ਤੇ ਇਸਤੋਂ ਇਹ ਕਹਾਣੀ ਸ਼ੁਰੂ ਹੋਈ ਸੀ।

"ਤੂੰ ਮੇਰੇ ਮੁੰਡੇ ਨੂੰ ਹੱਥ ਤਾਂ ਲਾਕੇ ਵਿਖਾਈ।" ਪਾਪਾ ਜੀ ਮਾਸਟਰ ਜ਼ੋਰਾ ਸਿੰਘ ਦੀ ਗੱਲ ਦਾ ਉਲਟਾ ਮਤਲਬ ਲੈ ਗਏ। ਤਰਲ ਪਦਾਰਥ ਦੇ ਦਬਾਬ ਹੇਠ ਉਹਨਾਂ ਦੀ ਵਾਹਵਾ ਤਕਰਾਰ ਹੋਈ। ਮਾਸਟਰ ਜ਼ੋਰਾ ਸਿੰਘ ਤੇ ਗੁਰਲਾਭ ਸਿੰਘ ਪਿੰਡ ਭੀਟੀ ਵਾਲਾ ਦੇ ਰਹਿਣ ਵਾਲੇ ਸਨ ਤੇ ਦੋਨੇ ਭਰਾ ਦੁਗ ਦੁਗ ਕਰਦੇ ਬੁਲ੍ਹੇਟ ਤੇ ਸਰਕਾਰੀ ਸਕੂਲ ਘੁਮਿਆਰੇ ਆਉਂਦੇ। ਇਹ ਦੋਵੇ ਭਰਾ ਅੰਗਰੇਜ਼ੀ ਦੇ ਅਧਿਆਪਕ ਸਨ ਤੇ ਬਹੁਤ ਮਹਿਨਤੀ ਸਨ। ਹੱਥ ਦੋਵਾਂ ਭਰਾਵਾਂ ਦਾ ਹੀ ਭਾਰਾ ਸੀ। ਸੰਨੀ ਦਿਓਲ ਵਾਂਗੂ ਢਾਈ ਕਿਲੋਂ ਦਾ। ਖੈਰ ਅਗਲੇ ਦਿਨ ਪਾਪਾ ਜੀ ਨੇ ਮੈਨੂੰ ਰਾਤ ਦੀ ਵਾਰਤਾ ਸੁਣਾਈ ਤੇ ਭਵਿੱਖ ਲਈ ਸੁਚੇਤ ਰਹਿਣ ਦੀ ਨਸੀਅਤ ਵੀ। ਮੈਨੂੰ ਅੰਗਰੇਜ਼ੀ ਵਿੱਚ ਖੂਬ ਮੇਹਨਤ ਕਰਨ ਦੀ ਤਾਕੀਦ ਕੀਤੀ ਤਾਂ ਕਿ ਮਾਸਟਰ ਜ਼ੋਰਾ ਸਿੰਘ ਨੂੰ ਮੇਰੇ ਤੇ ਹੱਥ ਹੌਲਾ ਕਰਨ ਦਾ ਕੋਈਂ ਬਹਾਨਾ ਨਾ ਮਿਲੇ। ਛੇਵੀਂ ਜਮਾਤ ਸੀ ਮੇਰੀ ਫਾਰਮਾਂ ਤੇ ਡਿਗਰੀਆਂ ਲੈਸਨ ਟ੍ਰਾਂਸਲੇਸ਼ਨ ਬਹੁਤ ਕੁਝ ਸੀ ਮਾਸਟਰ ਜੀ ਕੋਲ੍ਹ ਮੈਨੂੰ ਫਸਾਉਣ ਲਈ। ਅਸਲ ਵਿੱਚ ਹੈਡਮਾਸਟਰ ਸਾਹਿਬ ਨਾਲ ਲਿਹਾਜ ਹੋਣ ਕਰਕੇ ਮੈਂ ਦੂਸਰੇ ਅਧਿਆਪਕਾਂ ਦਾ ਵੀ ਲਾਡਲਾ ਸੀ। ਉਤਲੀ ਹਵਾ ਵਿੱਚ ਰਹਿੰਦਾ ਸੀ ਤੇ ਬਹਾਨੇਬਾਜ਼ ਵੀ ਬਣ ਗਿਆ ਸੀ। ਪੜ੍ਹਾਈ ਵਿੱਚ ਵੀ ਮੇਰਾ ਗ੍ਰਾਫ ਥੱਲ੍ਹੇ ਨੂੰ ਜਾ ਰਿਹਾ ਸੀ। ਜੋ ਮਾਸਟਰ ਜ਼ੋਰਾ ਸਿੰਘ ਨਹੀਂ ਚਾਹੁੰਦੇ।

ਅਗਲੇ ਦਿਨ ਤੋਂ ਹੀ ਮੇਰਾ ਕੋਰਟ ਮਾਰਸ਼ਲ ਸ਼ੁਰੂ ਹੋ ਗਿਆ। ਮਾਸਟਰ ਜੀ ਉੱਨੀ ਦੇਰ ਮੈਥੋਂ ਹੀ ਸੁਣਦੇ ਜਿੰਨੀ ਦੇਰ ਮੈਂ ਗਲਤ ਨਾ ਹੁੰਦਾ। ਫਿਰ ਉਹ ਸਜ਼ਾ ਲਈ ਹਰ ਤਰੀਕਾ ਅਪਣਾਉਂਦੇ। ਮੇਰੇ ਕੋਲ੍ਹ ਪੜ੍ਹਨ ਤੋਂ ਇਲਾਵਾ ਕੋਈਂ ਅਪੀਲ ਦਲੀਲ ਨਹੀਂ ਸੀ ਹੁੰਦੀ। ਸਰੀਰਕ ਸਜ਼ਾ ਮੇਰੀ ਪੱਕੀ ਸੀ। ਜਿਸ ਦਿਨ ਮਾਸਟਰ ਜੀ ਛੁੱਟੀ ਤੇ ਹੁੰਦੇ ਜਾਂ ਮੈਂ ਗੈਰਹਾਜਰ ਹੁੰਦਾ, ਬੱਸ ਉਸੇ ਦਿਨ ਹੀ ਨਾਗਾ ਪੈਂਦਾ ਸੀ।

"ਹਾਂ ਵੀ ਡੀਸੀ ਸਾਬ ਖੋਲ੍ਹ ਬਾਰਾਂ ਨੰਬਰ ਚੌਥੀ ਲਾਈਨ ਤੋਂ ਸ਼ੁਰੂ ਹੋਜਾ।" ਆਉਣਸਾਰ ਮਾਸਟਰ ਜੀ ਮੈਨੂੰ ਹੀ ਖੜ੍ਹਾ ਕਰਦੇ। ਕਦੇ ਫਾਰਮਾਂ ਸੁਣਨੀਆਂ ਸ਼ੁਰੂ ਕਰ ਦਿੰਦੇ। ਤੇ ਫਿਰ ਪ੍ਰਸ਼ਾਦ ਮਿਲਣਾ ਲਾਜ਼ਮੀ ਹੁੰਦਾ ਸੀ।

ਇਹ ਰੰਗਾਰਗ ਪ੍ਰੋਗਰਾਮ ਕੋਈਂ ਅੱਠ ਦਸ ਮਹੀਨੇ ਚੱਲਿਆ ਤੇ ਓਨੇ ਨੂੰ ਮੈਂ ਤੱਕਲੇ ਵਰਗਾ ਸਿੱਧਾ ਹੋ ਗਿਆ ਸੀ। ਫਿਰ ਮੈਂ ਕਦੇ ਅੰਗਰੇਜ਼ੀ ਚੋ ਮਾਰ ਨਾ ਖਾਧੀ।

ਫਿਰ ਕਾਫੀ ਸਾਲਾਂ ਬਾਅਦ ਮਾਸਟਰ ਜ਼ੋਰਾ ਸਿੰਘ ਜੀ ਨੇ ਸ਼ਾਇਦ ਆਪਣੀ ਦੋਹਤੀ ਦਾ ਬਾਦਲ ਸਕੂਲ ਵਿੱਚ ਦਾਖਿਲਾ ਕਰਵਾਇਆ। ਉਹ ਅਕਸਰ ਉਸਨੂੰ ਮਿਲਣ ਆਉਂਦੇ। ਮੈਂ ਉਠਕੇ ਉਹਨਾਂ ਨੂੰ ਪੈਰੀਂ ਪੈਣਾ ਕਰਦਾ। ਉਹ ਮੇਰੇ ਦਫਤਰ ਵਿੱਚ ਹੀ ਬੈਠਦੇ।

ਹਾਂ ਵੀ ਸੇਠੀ ਸਾਹਿਬ। ਕੀ ਹਾਲ ਹੈ। ਉਹ ਆਉਂਦੇ ਹੀ ਪੁੱਛਦੇ। ਉਹ ਮੇਰੇ ਤੇ ਮਾਣ ਮਹਿਸੂਸ ਕਰਦੇ। ਮੈਨੂੰ ਵੀ ਬਹੁਤ ਚੰਗੇ ਲੱਗਦੇ।



**ਰਮੇਸ਼ ਸੇਠੀ ਬਾਦਲ**

# ਉੱਚ ਦਾ ਪੀਰ

ਵਾਲੀ ਜਹਾਨ ਦਾ ਤੋਰ ਕੇ ਪੁੱਤਰਾਂ ਨੂੰ,
ਅੱਜ ਰੱਬ ਦਾ ਸ਼ੁਕਰ ਮਨਾ ਰਿਹਾਲ
ਦੇ ਕੇ ਸੰਗਤ ਸਿੰਘ ਨੂੰ ਜਿੰਮੇਵਾਰੀ,
ਕਲਗੀ ਉਸ ਦੇ ਸਿਰ ਤੇ ਸਜਾ ਰਿਹਾਲ

ਮਨ ਕੇ ਹੁਕਮ ਪੰਜ ਪਿਆਰਿਆ ਦਾ,
ਗੜ੍ਹੀ ਚਮਕੌਰ ਦੀ ਤੋਂ ਚ
ਚੱਲਣ ਲੱਗਾ।
ਛੱਡ ਕੇ ਜੈਕਾਰੇ ਸਿੱਖਾਂ ਤੋਰ ਦਿਤਾ,
ਕਹਿੰਦੇ ਉੱਚ ਦਾ ਪੀਰ ਹੈ ਚੱਲਣ ਲੱਗਾਲ

ਤੁਰਿਆ ਜਾਵੇ ਰੱਬ ਦੇ ਭਾਣੇ ਅੰਦਰ,
ਤੇਰਾ ਤੁਝ ਕੋ ਸੌਂਪ ਕੇ ਕਯਾ ਲਾਗੇ ਮੇਰਾਲ
ਮਾਛੀਵਾੜੇ ਦੇ ਰਸਤੇ ਤੇ ਹੋ ਤੁਰਿਆ,
ਰੱਬ ਆਪ ਹੈ ਅਕਾਲ ਪੁਰਖ ਰੂਪ ਦਸੇਰਾਲ

ਬਹਿ ਗਏ ਸਤਿਗੁਰੂ ਜੰਗਲ ਵਿਚ,
ਮਾਛੀਵਾੜੇ ਦਾ ਕਣ ਕਣ ਝੁਮਣ ਲੱਗਾ ।
ਜੀਵ ਜੰਤੂ ਵੀ ਸ਼ਾਂਤ ਹੋ ਗਏ ਸੀ,
ਹਰ ਰੱਬ ਦਾ ਜੀਅ ਗਾਉਣ ਲੱਗਾਲ
ਨਬੀ ਖਾਂ ਤੇ ਗਨੀਂ ਖਾਂ ਦੋ ਭਗਤ ਹੈਸੀ,
ਮਿਲਨੇ ਦੀ ਤਾਂਘ ਸੀ ਰੱਖੀ ਚਿਰ ਦੀ ।
ਲੱਗਾ ਪਤਾ ਗੁਰੂ ਜੀ ਆਏ ਕੋਲ,
ਇਹ ਲੱਭਦੇ ਸੀ ਹਰ ਪਾਸੇ ਫਿਰਦੇਲ

ਹੱਥ ਜੋੜ ਕੇ ਕਰ ਰਹੇ ਅਰਜੋਈ,
ਗੁਰੂ ਸਾਹਿਬ ਦੇ ਚਰਨਾਂ ਵਿਚ ਸੀ ।
ਸਾਨੂੰ ਦਿਉ ਆਗਿਆ ਗੁਰੂ ਜੀ,
ਹੁਣ ਸੇਵਾ ਨਿਭਾਓਣ ਦੀ ਜੀਲ

ਜਿੰਦ ਕੁਰਬਾਨ ਕਰ ਦੇਵਾਂਗੇ,
ਆਵੇਗਾ ਨਾ ਵੈਰੀ ਕੋਲ ਤੁਹਾਡੇਲ
ਚੁੱਕ ਪਲੰਘ ਗੁਰੂ ਜੀ ਦਾ,
ਕਹਿੰਦੇ ਚਲੀਏ ਸਾਹਿਬ ਘਰ ਸਾਡੇਲ


ਲਿਜਾ ਕੇ ਘਰ ਸੇਵਾ ਕਮਾਈ ਖੂਬ,
ਜੀਵਨ ਸਫਲ ਬਣਾ ਗਏ ਦੋ ਭਾਈਲ
ਘਰ ਦੇ ਬਾਹਰ ਪਹਿਰਾ ਲਾ ਕੇ ਸੀ,
ਸਤਿ ਗੁਰੂ ਦੀ ਰਹਿਮਤ ਸੀ ਪਾਈ ਖੂਬ ।

ਦੋ ਦਿਨ ਦੋ ਰਾਤਾਂ ਕੱਟ ਕੇ,
ਗੁਰੂ ਜੀ ਅੱਗੇ ਚਾਲੇ ਪਾ ਗਏਲ
ਅਸੀਸਾਂ ਦੀਆਂ ਲਾ ਝੱੜੀਆਂ,
ਦੇ ਕੇ ਬਰਕਤਾਂ ਨਿਹਾਲ ਕਰ ਗਏਲ

ਮਾਤਾ ਹਰਦੇਈ ਦਾ ਦਿੱਤਾ ਚੋਲਾ
ਨੀਲਾ ਰੰਗ ਲਲਾਰੀ ਤੋਂ ਕਰਵਾ ਦਿਤਾਲ
ਬਿਠਾ ਕੇ ਪਲੰਗ ਤੇ ਗੁਰੂ ਜੀ ਨੂੰ
ਮਾਛੀਵਾੜੇ ਤੋਂ ਵਿਦਾ ਕਰਵਾ ਦਿਤਾ ।

ਅੱਲ੍ਹਾ ਨੂੰ ਮੰਨਣ ਵਾਲੇ ਹੀਂ ਸੀ
ਗੜ੍ਹੀ ਵਿਚ ਹਮਲਾ ਕਰਨ ਵਾਲੇ

ਅੱਲ੍ਹਾ ਨੂੰ ਮੰਨਣ ਵਾਲੇ ਹੀਂ ਸੀ
ਨਬੀ ਗਨੀ ਖਾਂ ਧਰਮ ਨਿਭਾਉਣ ਵਾਲੇ



**ਰਮਨਦੀਪ ਕੌਰ ਬਟਾਲਾ**

# ਗੰਦਗੀ ਨਾਲ ਭਰੇ ਨਾਲਿਆਂ ਤੋਂ ਸ਼ਹਿਰ ਵਾਸੀ ਪ੍ਰੇਸ਼ਾਨ

**ਗੜ੍ਹਸ਼ੰਕਰ (ਬਲਵੀਰ ਚੌਪੜਾ )** ਜਿੱਥੇ ਨਗਰ ਕੋਸ਼ਲਰ ਗੜ੍ਹਸ਼ੰਕਰ ਦੇ ਅਧਿਕਰੀਆਂ ਵਲੋਂ ਸਾਫ਼ ਸਫ਼ਾਈ ਨੂੰ ਲੇ ਕੇ ਵੱਡੇ ਵੱਡੇ ਵਾਅਦੇ ਕੀਤੇ ਜਾਂਦਾ ਹਨ ਕਿ ਸਾਡੇ ਸਫ਼ਾਈ ਕਰਮਚਾਰੀਆਂ ਵਲੋਂ ਸ਼ਹਿਰ ਅੰਦਰ ਗਲੀਆਂ ਨਾਲਿਆ ਦੀ ਸਫ਼ਾਈ ਬਹੁਤ ਹੀ ਵਧੀਆਂ ਠੰਗ ਨਾਲ ਕੀਤੀ ਜਾਂਦੀ ਪਰ ਇਹ ਕੀਤੇ ਨਾ ਕੀਤੇ ਬੱਸ ਇਹ ਗੱਲਾਂ ਹੀ ਸਾਬਿਤ ਰਹਿੰਦੇ ਹਨ ਉਥੇ ਹੀ ਗੱਲਬਾਤ ਕੀਤੀ ਜਾਵੇ ਗੜ੍ਹਸ਼ੰਕਰ ਅੰਦਰ ਵੱਖ ਵੱਖ ਵਾਰਡ ਵਿਚ ਬਣੇ ਹੋਏ ਵੱਡੇ ਵੱਡੇ ਨਾਲੇ ਜੋ ਕਾਫ਼ੀ ਸਮੇਂ ਤੋਂ ਗੰਦਗੀ ਨਾਲ ਭਰੇ ਹੋਏ ਹੋਣ ਕਰਕੇ ਦੁਕਾਨਦਾਰਾਂ ਅਤੇ ਵਾਰਡ ਵਾਸੀਆਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਲ ਗੜ੍ਹਸ਼ੰਕਰ ਵਾਸੀਆਂ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਜਦੋਂ ਸਫ਼ਾਈ ਕਰਮਚਾਰੀ ਨਾਲਿਆਂ ਦੀ ਸਫ਼ਾਈ ਕਰਨ ਲਈ ਆਉਂਦੇ ਹਨ ਤਾਂ ਉਹ ਨਾ ਮਾਤਰ ਸਫਾਈ ਕਰਕੇ ਚਲੇ ਜਾਂਦੇ ਹਨ ਆਉਂਦੇ ਜਾਂਦੇ ਰਹੀਗੀਰਾਂ ਵਲੋਂ ਗੰਦਗ਼ੀ ਕੂੜੇ ਕਰਕਟ ਨਾਲ ਨਾਲੇ ਭਰੇ ਹੋਣ ਕਰਨ ਇਸ ਵਿੱਚੋ ਬਦਬੂ ਆਉਣੀ ਸ਼ੁਰੂ ਹੋ ਜਾਂਦੀ ਹੈ ਜਿਸ ਨਾਲ ਬਿਮਾਰੀਆਂ ਫੈਲਣ ਦਾ ਖ਼ਤਰਾ ਬਣਿਆ ਰਹਿੰਦਾ ਹੈ ਞਗੰਦਗੀ ਨਾਲ ਨਾਲਾ ਭਰਿਆ ਹੋਣ ਕਰਕੇ ਪਾਣੀ ਦੁਕਾਨਾਂ ਤੇ ਘਰਾਂ ਦੇ ਬਾਹਰ ਆ ਜਾਂਦਾ ਹੈ ਜਿਸ ਕਰਕੇ ਉਥੋਂ ਲੰਗਣਾ ਮੁਸ਼ਕਲ ਹੋ ਜਾਂਦਾ ਹੈ ਲ ਪਾਣੀ ਵਾਲਾ ਨਾਲਾ ਗੰਦਗੀ ਨਾਲ ਜਿਆਦਾ ਭਰਿਆ ਹੋਣ ਕਰਕੇ ਗੰਦੀ ਬਦਬੂ ਵੀ ਬਹੁਤ ਜਿਆਦਾ ਆਉਂਦੀ ਹੈ ਲ ਜਿਸ ਨਾਲ



ਦੁਕਾਨਾਂ ਤੇ ਬੈਠਣਾ ਮੁਸ਼ਕਲ ਹੋ ਜਾਂਦਾ ਹੈ । ਜਿਸ ਨਾਲ ਦੁਕਾਨਦਾਰ ਤੇ ਵਾਰਡ ਵਾਸੀ ਵੀ ਕਾਫੀ ਪ੍ਰੇਸ਼ਾਨ ਹੁੰਦੇ ਹਨ ਲਈ ਪਰ ਨਗਰ ਕੋਸ਼ਲਰ ਗੜ੍ਹਸ਼ੰਕਰ ਦੇ ਅਧਿਕਾਰੀ ਸਿਰਹਾਣੇ ਥੱਲੇ ਹੱਥ ਦੇ ਕੇ ਮਸਤ ਨੀਂਦ ਸੁੱਤਾ ਹੋਇਆ ਹੈ।ਜਿਸ ਨਾਲ ਸ਼ਹਿਰ ਵਾਸੀਆਂ ਨੂੰ ਪੇਸ਼ ਆ ਰਹੀ ਪਰੇਸ਼ਾਨੀ ਅਤੇ ਗੰਦ.ਗੀ ਕਾਰਨ ਫੈਲਣ ਵਾਲੀਆਂ ਬਿਮਾਰੀਆਂ ਦੀ ਕੋਈ ਪ੍ਰਵਾਹ ਨਹੀਂ ਞਸ਼ਹਿਰ ਵਾਸੀਆਂ ਨੇ ਨਗਰ ਕੌਸਰਲ ਦੇ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਨਾਲੇ ਦੀ ਗੰਦ.ਗੀ ਨੂੰ ਜਲਦ ਤੋਂ ਜਲਦ ਸਾਫ਼ ਕਰਵਾਇਆ ਜਾਵੇ ਅਤੇ ਸਮੇਂ ਸਿਰ ਇਸ ਦੀ ਸਫ਼ਾਈ ਨੂੰ ਯਕੀਨੀ ਬਣਾਈ ਜਾਵੇ ਤਾਂ ਜੋ ਕਿਸੇ ਵੀ ਸ਼ਹਿਰ ਵਾਸੀ ਨੂੰ ਮੁਸਕਲਾਂ ਦਾ ਸਾਹ-ਮਣਾ ਨਾ ਕਰਨਾ ਪਾਵੇ।

# ਬਾਬਾ ਸਾਹਿਬ ਜੀ ਨੇ ਦੇਸ ਨੂੰ ਇੱਕ ਮਜ਼ਬੂਤ ਸੰਵਿਧਾਨ ਦੇ ਕੇ ਰਾਜਨੀਤਿਕ ਆਰਥਿਕ ਅਤੇ ਸਮਾਜਿਕ ਚੁਣੌਤੀਆਂ ਦਾ ਸਾਹਮਣਾ ਕਰਨ ਦਾ ਰਾਹ ਦਿਖਾਇਆ : ਅਵਤਾਰ ਭੀਖੋਵਾਲ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਭਾਰਤੀ ਜਨਤਾ ਪਾਰਟੀ ਤੇ ਸੀਨੀਅਰ ਆਗੂ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵਲੋਂ ਪਾਰਲੀਮੈਂਟ ਵਿੱਚ ਦਿੱਤੇ ਗਏ ਭਾਸ਼ਣ ਦੌਰਾਨ ਯੁਗਪੁਰਸ਼ ਸੰਵਿਧਾਨ ਨਿਰਮਾਤਾ ਭਾਰਤ ਦੇ ਪਹਿਲੇ ਕ ਾ ਨੂੰ ਨ ਮੰਤਰੀ,ਐਸਸੀ,ਬੀਸੀ,ਓਬੀਸ ੀ ਅਤੇ ਔਰਤਾਂ ਦੇ ਮਸੀਹਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਬਾਰੇ ਕੀਤੀ ਟਿੱਪਣੀ ਬਿਲਕੁਲ ਗਲਤ ਅਤੇ ਅਪਮਾਨਜਨਕ ਹੈ। ਇਹਨਾਂ ਗੱਲਾਂ ਦਾ ਪ੍ਰਗਟਾਵਾ ਨਜ਼ਦੀਕੀ ਪਿੰਡ ਭੀਖੋਵਾਲ ਦੇ ਗੁਰਦੁਆਰਾ ਗੁਰੂ ਨਾਨਕ ਚਰਨਸਰ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਬੰਧਕ ਅਵਤਾਰ ਸਿੰਘ ਭੀਖੋਵਾਲ ਨੇ ਕੁਝ ਚੋਣਵੇਂ ਪੱਤਰਕਾਰਾਂ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਕੀਤਾ। ਉਹਨਾਂ ਕਿਹਾ ਕਿ ਇਹ



ਟਿੱਪਣੀ ਬਾਬਾ ਸਾਹਿਬ ਜੀ ਦੀ ਮਹਾਨਤਾਵਾਂ ਨੂੰ ਘਟਾਉਣ ਦੀ ਨਾਕਾਮ ਕੋਸ਼ਿਸ਼ ਹੈ ਬਲਕਿ ਲੋਕਤੰਤਰ ਸੰਵਿਧਾਨ ਅਤੇ ਬਾਬਾ ਸਾਹਿਬ ਨੂੰ ਮੰਨਣ ਵਾਲੇ ਹਰ ਨਾਗਰਿਕ ਦਾ ਅਪਮਾਨ ਹੈ ਉਹਨਾਂ ਕਿਹਾ ਕਿ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਦਕਰ ਜੀ ਨੇ ਦੇਸ਼ ਨੂੰ ਇੱਕ ਮਜ਼ਬੂਤ ਸੰਵਿਧਾਨ ਦੇ ਕੇ ਰਾਜਨੀਤਿਕ ਆਰਥਿਕ ਅਤੇ ਸਮਾਜਿਕ ਚੁਣੌਤੀਆਂ ਦਾ ਸਾਹਮਣਾ ਕਰਨ ਦਾ ਰਾਹ ਦਿਖਾਇਆ ਹੈ । ਉਹਨਾਂ ਕਿਹਾ ਕਿ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਨੇ ਗਰੀਬਾਂ ਪਛੜੇ ਵਰਗਾਂ ਔਰਤਾਂ ਅਤੇ ਘੱਟ ਗਿਣਤੀ ਸਮੂਹਾਂ ਵਾਸਤੇ ਸਨਮਾਨ ਸਮਾਨਤਾ ਅਤੇ ਤਰੱਕੀ ਦੇ ਰਾਹ ਖੋਲੇ ਹਨ ! ਉਹਨਾਂ ਕਿਹਾ ਕਿ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਦਾ ਜੀਵਨ ਸੰਘਰਸ਼ ਨਾਲ ਭਰਿਆ ਹੋਇਆ ਸੀ ! ਉਹਨਾਂ ਕਿਹਾ ਕਿ ਬਾਬਾ ਸਾਹਿਬ ਜੀ ਦੀ ਮਕਬੂਲੀਅਤ ਪੂਰੀ ਦੁਨੀਆ ਵਿੱਚ ਹੈ ! ਉਹਨਾਂ ਕਿਹਾ ਕਿ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਤੁਰੰਤ ਪੂਰੇ ਦੇਸ਼ ਵਾਸੀਆਂ ਤੋਂ ਮੁਆਫੀ ਮੰਗਣ ਕਿਉਂਕਿ ਅਮਿਤ ਸ਼ਾਹ ਵਲੋਂ ਦਿੱਤਾ ਗਿਆ ਬਿਆਨ ਲੋਕਤੰਤਰ ਦੇ ਮੂਲ ਸੰਕਲਪਾਂ ਦੇ ਖਿਲਾਫ ਹੈ। ਉਹਨਾਂ ਕਿਹਾ ਕਿ ਇਹ ਗ੍ਰਹਿ ਮੰਤਰੀ ਨੂੰ ਅਜਿਹੀਆਂ ਹਰਕਤਾਂ ਦੀ ਬਜਾਏ ਅਡਾਨੀ ਦੇ ਭ੍ਰਿਸਟਾਚਾਰ ਮਾੜੇ ਆਰਥਿਕ ਪ੍ਰਬੰਧ ਮਣੀਪੁਰ ਦੀ ਬਦਹਾਲ ਸਥਿਤੀ ਵੱਲ ਧਿਆਨ ਦੇ ਕੇ ਆਮ ਲੋਕਾਂ ਨੂੰ ਇਨਸਾਫ ਪ੍ਰਦਾਨ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ।

# ਬਹਿਰੀਨ ਦੀ ਧਰਤੀ ਤੇ ਕਰਵਾਇਆ ਗਿਆ ਦੂਜਾ ਜੀ ਸੀ ਸੀ ਇੰਟਰਨੈਸ਼ਨਲ ਕਬੱਡੀ ਕੱਪ

**ਬਹਿਰੀਨ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਜਸਬੀਰ ਗੁਰਦਾਸਪੁਰੀਆ ਨੇ ਜਾਣਕਾਰੀ ਦਿੰਦਿਆਂ ਦਸਿਆ ਕਿ ਬਹਿਰੀਨ ਦੀ ਧਰਤੀ ਤੇ 16 ਦਸੰਬਰ ਨੂੰ ਦੂਜਾ ਜੀ ਸੀ ਸੀ ਕਬੱਡੀ ਕੱਪ ਸਲਮਾਬਾਦ ਦੀ ਗਰਾਊਂਡ ਵਿੱਚ ਖੇਡਿਆ ਗਿਆ। ਜਿਸ ਵਿੱਚ ਜੀ ਸੀ ਸੀ ਦੀਆਂ 4 ਮੁਲਕਾਂ ਨੇ ਹਿੱਸਾ ਲਿਆ ਜਿਹਨਾਂ ਵਿੱਚ ਕਤਰ , ਕੁਵੈਤ, ਦੁਬਈ ਅਤੇ ਬਹਿਰੀਨ ਦੀਆਂ 8 ਟੀਮਾਂ ਸ਼ਾਮਿਲ ਹੋਈਆ। ਜਿਹਨਾਂ ਵਿਚ ਫਾਈਨਲ ਦੀ ਬਾਜੀ ਕੁਵੈਤ ਦੀ ਟੀਮ ਨੇ ਮਾਰੀ ਜਿਸ ਵਿਚ ਪੇਨੀ ਕੁਵੈਤ, ਬੈਸਟ ਸਟੋਪਰ ਰਿਹਾ। ਇਹਨਾਂ ਟੀਮਾਂ ਦੇ ਖੇਡਣ ਤੋਂ ਬਾਅਦ ਇਕ ਮੈਚ ਵੀ ਖੇਡਿਆ ਗਿਆ । ਜੋ ਕਿ ਭਾਰਤ ਅਤੇ ਪਾਕਿਸਤਾਨ ਦਾ ਹੋਇਆ ਜਿਹਨਾਂ ਵਿਚ ਭਾਰਤ ਨੇ ਬਾਜੀ ਮਾਰਦੇ ਹੋਏ ਇਹ ਸੋਮੈਚ ਜਿੱਤਿਆ। ਦਰਸ਼ਕਾਂ ਦਾ ਧਾਠਾ ਮਾਰਦਾ ਇਕੱਠ ਸੀ ਜੀ ਕੇ 10 ਹਜ਼ਾਰ ਤੋਂ ਉੱਪਰ ਸੀ। ਇਹ ਜੀ ਸੀ ਸੀ ਕੱਪ ਕਰਾਉਣ ਵਿਚ ਸਭ



ਤੋਂ ਵੱਡਾ ਯੋਗਦਾਨ ਜਤਿੰਦਰ ਜੌਹਲ ਯੂ ਐੱਸ ਏ ਸਚਿਨ ਪੰਡਤ ਯੂ ਐੱਸ ਏ ਤੇ ਹੋਰ ਬਹੁਤ ਸਾਰੇ ਐਨ ਆਰ ਆਈ ਭਰਾਵਾਂ ਦਾ ਰਿਹਾ। ਜੀ ਸੀ ਸੀ ਕੱਪ ਦੇ ਮੇਨ 3 ਆਰਗਨਾਈਜ਼ਸ਼ਰ ਹਨ ਜੋ ਕਿ ਡੇਜਟਸ ਲਾਈਨ ਕਬੱਡੀ ਪ੍ਰਮੋਟਰ, ਟਾਈਗਰ ਬਹਿਰੀਨ ਕਲੱਬ ਅਤੇ ਕਸ਼ਮੀਰੀ ਸਚਿਨ ਪੰਡਿਤ ਬਰਦਰ ਗਰੁੱਪ ਸਨ। ਜਿਹਨਾਂ ਵਲੋ ਬਹੁਤ ਤਰੀਕੇ ਨਾਲ ਇਸ ਕੱਪ ਨੂੰ ਸਿਰੇ ਚਾੜਿਆ ਅਤੇ ਆਉਂਦੇ ਸਾਲ ਇਸ ਤੋਂ ਵਧੀਆ ਕੱਪ ਕਰਾਉਣ ਦਾ ਯਕੀਨ ਕਰਵਾਇਆ।

# ਛੋਟੇ ਸਾਹਿਬਜ਼ਾਦੇ



ਨੀਹਾਂ ਵੱਲ ਜਦ ਯੋਧੇ ਤੁਰ ਚੱਲੇ,
ਖੜਾ ਅੰਬਰੀਂ ਫੁੱਲ ਵਰਸਾਉਣ ਲੱਗਾ।
ਦਿੱਤਾ ਥਾਪੜਾ ਸੀ ਜੋ ਕੁਰਬਾਨੀ ਵਾਲਾ,
ਦਸ਼ਮੇਸ਼ ਪਿਤਾ ਜੀ ਨਾਲ ਉਹ ਪੁਗਾਉਣ ਲੱਗਾ।
ਗਰੀਬ ਮਜ਼ਲੂਮਾਂ ਲਈ ਕਿਵੇਂ ਹਿੱਕ ਤਾਣ ਲੜਨਾ,
ਕੀਤੇ ਦਾਦੀ ਨਾਲ ਬੋਲ ਪੁਗਾਉਣ ਲੱਗਾ।
ਹੱਸ ਹੱਸ ਕੇ ਟੌਹਰ ਨਾਲ਼ ਤੁਰੇ ਜਾਣ ਐਵੇਂ,
ਜਿਵੇਂ ਲਾੜੀ ਮੌਤ ਵਿਆਹੁਣ ਚੱਲਾ।
ਹੱਥੀਂ ਬੰਨਿਆਂ ਸੀ ਕੰਗਣਾ ਜੋ ਸ਼ਹੀਦੀ ਵਾਲਾ,
ਜ਼ੋਰਾਵਰ ਵੈਰੀ ਨੂੰ ਦਿਖਾਉਣ ਲੱਗਾ।
ਜ਼ੋਰਾਵਰ ਤਾਂ ਗੁਰੂ ਦਾ ਸਿੰਘ ਪਿਆਰਾ,
ਤੂੰ ਸੂਬਿਆਂ ਕੀ ਸਾਨੂੰ ਡਰਾਵੇਂਗਾ।
ਅਸੀਂ ਡਰਿਆਂ ਤੈਥੋਂ ਡਰਨਾ ਨੀ,
ਫਤਿਹ ਸਿੰਘ ਸੂਬੇ ਨੂੰ ਸੁਣਾਉਣ ਲੱਗਾ।
ਇਹ ਖ਼ਾਲਸਾ ਏ ਗੁਰੂ ਗੋਬਿੰਦ ਸਿੰਘ ਦਾ,
ਤੂੰ ਕਿਸਨੂੰ ਹੈ ਦਬਾਉਣ ਲੱਗਾ।
ਨੀਂਹਾਂ ਵਿੱਚ ਤਾਂ ਸਾਡੇ ਸਰੀਰ ਚਿਣਨੇ,
ਕਿਉਂ ਉਮਰੀਂ ਕਲੰਕ ਲਗਾਉਣ ਲੱਗਾ।
ਦੋਵੇਂ ਹੱਸਦੇ ਸਰਹੰਦ ਦੀ ਦੀਵਾਰ ਅੰਦਰ,
ਜ਼ੋਰਾਵਰ ਸਿੰਘ ਫਤਿਹ ਨੂੰ ਸੁਣਾਉਣ ਲੱਗਾ।
ਆਇਆ ਮੈਂ ਸੀ ਇਸ ਜਹਾਨ ‘ਤੇ ਤੈਥੋਂ ਪਹਿਲਾਂ,
ਪਰ ਅੱਜ ਪਹਿਲਾਂ ਕਿਉਂ ਤੂੰ ਜਾਣ ਲੱਗਾ।
ਇਹ ਤੱਕ ਕੇ ਵੈਰੀ ਹੈਰਾਨ ਹੋਇਆ,
ਉਹਨੂੰ ਆਪਣਾ ਆਪ ਸਤਾਉਣ ਲੱਗਾ।
ਕੰਧ ਪੂਰੀ ਹੋਈ ਰੂਹਾਂ ਵਿੱਛੜ ਗਈਆਂ,
ਸਾਰਾ ਜਹਾਨ ਖੜ੍ਹ ਕੇ ਰੋਣ ਲੱਗਾ।
ਈਨ ਮੰਨੀ ਨਾ ਸ਼ੇਰ ਦਿਆਂ ਲਾਲਾਂ ਨੇ,
ਡਰ ਵੈਰੀ ਨੂੰ ਹੁਣ ਸਤਾਉਣ ਲੱਗਾ।
ਐਸੇ ਸੂਰਮੇ ਨੀ ਜੰਮਣੇ ਜਹਾਨ ਉੱਤੇ ,
ਲੈਕਚਰਾਰ ਸ਼.ਫ ਸਿੰਘ ਹੱਥ ਜੋੜ ਸਭ ਨੂੰ ਸੁਣਾਉਣ ਲੱਗਾ।



**ਲੈਕਚਰਾਰ ਸ਼.ਫ ਸਿੰਘ**




# ਘੱਟ ਬੋਲੋ ,ਵੱਧ ਸੁਣੋ, ਮਿੱਠਾ ਬੋਲੋ

ਘੱਟ ਬੋਲਣ, ਵੱਧ ਸੁਨਣ ਅਤੇ ਮਿਠਾਸ ਭਰੀ ਜ਼ਬਾਨ ਨਾਲ ਲੋਕ ਆਲੇ ਦੁਆਲੇ ਦੇ ਲੋਕਾਂ ਦੇ ਮਨਾਂ ਵਿੱਚ ਆਸਾਨੀ ਨਾਲ ਆਪਣੀ ਜਗ੍ਹਾ ਬਣਾ ਲੈਂਦੇ ਹਨ। ਜੇਠ ਹਾੜ ਦੇ ਦਿਨਾਂ ਵਿੱਚ ਹੱਥਾਂ ਨੂੰ ਠੰਡੇ ਪਾਣੀ ਵਿੱਚ ਡਬੋ ਕੇ ਚਿਹਰੇ ਤੇ ਛਿਟੇ ਮਾਰ ਕੇ ਜਿਸ ਤਰ੍ਹਾਂ ਦੀ ਠੰਡ ਪੈਂਦੀ ਹੈ। ਉਸੇ ਤਰ੍ਹਾਂ ਦਾ ਸਕੂਨ ਮਿਲਦਾ ਕਿਸੇ ਨਾਲ ਮਿਠਾਸ ਭਰੀ ਗੱਲ ਕਰਨ ਨਾਲ । ਮਿੱਠੀ ਬਾਣੀ ਜਿੱਥੇ ਵਿਗੜੇ ਕੰਮ ਵੀ ਸਵਾਰ ਦਿੰਦੀ ਹੈ ,ਉੱਥੇ ਕੌੜੇ ਬੋਲਾਂ ਨਾਲ ਆਦਮੀ ਦਾ ਬਣਿਆ ਕੰਮ ਵੀ ਵਿਗੜ ਜਾਂਦਾ ਹੈ। ਕੋੜੇ ਬੋਲਾਂ ਨਾਲ ਜਿੱਥੇ ਸਮੱਸਿਆਵਾਂ ਵੱਧ ਜਾਂਦੀਆਂ ਹਨ। ਉੱਥੇ ਮਿੱਠੀ ਬੋਲੀ ਨਾਲ ਕਈ ਗੁੰਝਲਦਾਰ ਸਮੱਸਿਆ ਪਲਾਂ ਵਿੱਚ ਹੀ ਹੱਲ ਹੋ ਜਾਂਦੀਆਂ ।ਅੱਜ ਦੇ ਯੁੱਗ ਵਿੱਚ ਕਈ ਲੋਕ ਚਾਪਲੂਸੀ ਕਰਕੇ ਵੀ ਅੱਗੇ ਨਿਕਲ ਜਾਂਦੇ ਹਨ ।ਇਸ ਲਈ ਉਹ ਕੇਵਲ ਉਸੇ ਤਰ੍ਹਾਂ ਦੀਆਂ ਗੱਲਾਂ ਦੀ ਬਰਸਾਤ ਕਰਦੇ ਹਨ ਜੋ ਦੂਜਿਆਂ ਨੂੰ ਪਸੰਦ ਹੁੰਦੀਆਂ ਹਨ ,ਕਿਉਂਕਿ ਉਹਨਾਂ ਨੂੰ ਪਤਾ ਹੁੰਦਾ ਕਿ ਫੁੱਲ ਬਰਸਾਤ ਤੋਂ ਬਾਅਦ ਹੀ ਖਿੜਦੇ ਹਨ। ਜਿਸ ਤਰ੍ਹਾਂ ਜਿਉਂਦੇ ਰਹਿਣ ਲਈ ਭੋਜਨ ਖਾਂਦੇ ਰਹਿਣਾ ਜ਼ਰੂਰੀ ਹੈ, ਉਸੇ ਤਰ੍ਹਾਂ ਜੀਵਨ ਨੂੰ ਰੌਚਕ ਬਣਾਉਣ ਲਈ ਬਤਾਏ ਜਾਂ ਹਰ ਪਲ ਦੀ ਸੁਗੰਧ ਲੈਣਾ। ਆਪਣੀਆਂ ਸਮੱਸਿਆ ਨੂੰ ਸਮੇਟਣ ਆਪਣੇ ਆਲੇ ਦੁਆਲੇ ਨੂੰ ਮਹਿਕਉਣ ਅਤੇ ਕਈ ਵਾਰ ਆਪਣੇ ਆਪ ਨੂੰ ਜ਼ਿੰਦਗੀ ਦੇਸ਼ ਮਹਿਲਾਂ ਵਿੱਚੋਂ ਬਾਹਰ ਕੱਢਣ ਲਈ ਰਾਸ ਭਰੀਆਂ ਗੱਲਾਂ ਦਾ ਆਸਰਾ ਵੀ ਤੱਕਿਆ ਜਾਂਦਾ ਹੈ। ਪਰ ਗੱਲਬਾਤ ਸਮੇਂ ਸਾਨੂੰ ਤੋਲ ਮੋਲ ਕੇ ਬੋਲਣਾ ਚਾਹੀਦਾ ਹੈ, ਨਹੀਂ ਤਾਂ ਕਈ ਵਾਰੀ ਇਸ ਦੇ ਗੰਭੀਰ ਸਿੱਟੇ ਭੁਗਤਣੇ ਪੈ ਜਾਂਦੇ ਹਨ। ਇਸ ਲਈ ਬੋਲ ਬਾਣੀ ਵਿੱਚ ਸੂਈ ਭਾਵੇਂ ਰੱਖੋ ,ਪਰ ਨਾਲ ਵੀ ਉਸ ਵਿੱਚ ਧਾਗਾ ਜ਼ਰੂਰ ਪਾ ਕੇ ਰੱਖੋ ,ਤਾਂ ਕਿ ਸੂਈ ਕੇਵਲ ਛੇਕ ਹੀ ਨਾ ਕਰੇ, ਬਾਅਦ ਆਪਸ ਵਿੱਚ ਫੁੱਲਾਂ ਦੀ ਮਾਲਾ ਵਾਂਗ ਜੋੜ ਕੇ ਵੀ ਰੱਖੇ ।ਇਸ ਤਰਾਂ ਤੁਹਾਡੇ ਬੋਲ ਹੀ ਹਨ ਜੋ ਤੁਹਾਡੇ ਤੋਂ ਦੁਸ਼ਮਣ ਵੀ ਹਨ, ਅਤੇ ਦੋਸਤ ਵੀ। ਆਪ ਜੀ ਦਾ ਸ਼ੁਭ ਚਿੰਤਕ ਪਾਠਕ।

**ਡਾਕਟਰ ਨਰਿੰਦਰ ਭੱਪਰ ਝਬੇਲਵਾਲੀ।**
6284145349

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ — facebook samajweekly

ਸਾਨੂੰ ਐਕਸ ਤੇ ਫੌਲੋ ਕਰੋ — X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com